# ਸਰਦਲ

July 1975 ਜੁਲਾਈ 1975

ਜਿਲਦ 4 ] [ ਅੰਕ 12

ਐਡੀਟਰ—ਹਰਬੰਸ ਸਿੰਘ ਜੌਲੀ

ਮੁੱਲ 1-20 ਸਾਲਾਨਾ ਚੰਦਾ 10-00



## ਗੀਤ / (ਹਰਭਜਨ ਗਿੱਲ)

ਬੰਦ ਦਰਵਾਜ਼ੇ ਅੰਦਰ ਸੋਚ, ਪਤਾ ਨਹੀਂ ਕੀ ਯਾਰ ਉਏ
ਨਿਮੋਝੂਣ ਤਬੀਅਤ ਤੇਰੀ ਦੱਸਦੀ ਤੂੰ ਬੇਕਾਰ ਉਏ
ਮੇਰੇ ਯਾਰ ਉਏ.....।

ਸੁੱਤ-ਉਨੀਂਦੇ ਅੱਖਾਂ ਮਲਦੇ ਰਹੇ ਜੋ ਏਦਾਂ ਸਾਰੇ।
ਮੁਰਝਾਏ ਜਿਉਂ ਅੰਬਰ ਵਿਚੋਂ ਬੇਹੀ ਡਾਲੋਂ ਤਾਰੇ।
ਨਹਿਸ਼ ਕਲਹਿਣੇ ਧਰਤੀ ਉਤੇ,
ਲਾਹੀਏ ਮੂੰਹ ਦੇ ਭਾਰ ਉਏ।
ਮੇਰੇ ਯਾਰ ਉਏ.....।

ਤੇਰੇ ਹੱਕ ਨੂੰ ਰੋਜ਼ ਦਿਹਾੜੀ ਕਿਹੜਾ ਛੜੀ ਜਾਏ।
ਧਰਤੀ ਘੁੰਮੇ ਅਸੀਂ ਖਲੋਤੇ, ਕਿਹੜਾ ਗੇੜੀ ਜਾਏ।
ਜਨਮ ਵੇਲੇ ਦੀ ਪਹਿਲੀ ਲੋਰੀ ਤੋਂ
ਉੱਠ ਪਉ ਹੁਣ ਯਾਰ ਉਏ।
ਬੰਦ ਦਰਵਾਜ਼ੇ ਅੰਦਰ.....।

ਤੇਰੀ ਲਾਡ ਲਡਿੱਕੀ ਮੱਖਣੀ ਨੂੰ ਪਿਆ ਕਿਹੜਾ ਖਾਵੇ
ਤੇਰੇ ਘਰ ਤੋਂ ਰੀਝ ਪ੍ਰਾਹੁਣੀ ਬਿਨ ਪਾਣੀ ਮੁੜ ਜਾਵੇ।
ਪਹਿਲਾਂ ਸੁਸਤੀ ਬਹੁਤ ਕਰੀ ਤੂੰ ਉੱਠ ਤੇ ਥਾਪੀ ਮਾਰ ਉਏ
ਬੰਦ ਦਰਵਾਜ਼ੇ ਅੰਦਰ.....।

ਮੇਰੇ ਸਿਰ ਤੇ ਪੱਗ ਹੈ ਬੰਨ੍ਹੀ ਫਿਕਰਾਂ ਵਿੰਨੀ ਤਾਣੀ
ਭੋਲੇ ਪਰਖਣ ਦੀ ਨਾ ਐਵੇਂ ਹੋ ਜੇ ਰੀਝ ਪੁਰਾਣੀ।
ਉਠ ਸਮਾਂ ਦੁਰਕਾਰੂ ਤੈਨੂੰ ਜੇ ਨਾ ਉਠਿਉਂ ਯਾਰ ਉਏ
ਬੰਦ ਦਰਵਾਜ਼ੇ ਅੰਦਰ.....।

ਉਮਰ ਆਪਣੀ ਦੇ ਤੂੰ ਗਿਣ ਲੈ ਕਿੰਨੇ ਵਰ੍ਹੇ ਲੰਘਾਏ।
ਹਰ ਰੁੱਤੇ ਤੇਰੀ ਫਸਲ ਨੂੰ ਖਾਵਣ ਕੌਣ ਲੁਟੇਰੇ ਆਏ
ਤੂੰ ਸਕਦੈਂ ਪਹਿਚਾਣ ਤੇ ਉੱਠ ਕੇ
ਉਂਗਲ ਨਾਲ ਚਿਤਾਰ ਉਏ।
ਬੰਦ ਦਰਵਾਜ਼ੇ ਅੰਦਰ ਸੋਚੇਂ ਪਤਾ ਨਹੀਂ ਕੀ ਯਾਰ ਉਏ
ਨਿਮੋਝੂਣ ਤਬੀਅਤ ਤੇਰੀ ਦੱਸਦੀ ਤੂੰ ਬੇਕਾਰ ਉਏ।
ਮੇਰੇ ਯਾਰ ਉਏ.....।

## ਵੀਅਤਨਾਮੀ ਲੋਕਾਂ ਦੇ ਨਾਂ / [illegible]

ਲੀਰੋ ਲੀਰ ਬੰਬਾਂ ਨੇ ਕੀਤੀ ਧਰਤੀ ਇਕ ਨਿਆਰੀ
ਵੀਅਤਨਾਮ ਦੀ ਅਮਰ ਕਹਾਣੀ ਜਾਣੇ ਦੁਨੀਆਂ ਸਾਰੀ
ਆਪ ਸਹਾਰਾ ਦੇਕੇ ਬੇੜੀ, ਵਿਚ ਸਾਗਰ ਦੇ ਤਾਰੀ
ਛੋਟੇ ਜਿਹੇ ਮੁਲਕ ਦੇ ਲੋਕਾਂ ਕਿੰਨੀ ਵੱਡੀ ਮੱਲ ਮਾਰੀ,
ਹੱਸ ਹੱਸ ਜੂਝ ਅਜ਼ਾਦੀ ਖਾਤ੍ਰ ਬੱਚੇ ਬੁੱਢੇ ਨਰ ਨਾਰੀ,
ਵੀਅਤਨਾਮ ਦੀ.....

ਇਕ ਲੁਟੇਰਾ ਸੱਚ ਦਾ ਵੈਰੀ, ਹਰ ਥਾਂ ਅੱਗ ਬਰਸਾਉਂਦਾ
ਸ਼ਾਂਤੀ ਦਾ ਉਹ ਪੂਜਕੇ ਵੈਰੀ, ਜਾਂਏ ਅਮਨ ਦਬਾਉਂਦਾ
ਸਦਾ ਨਹੀਂ ਪੁਗਦੀ ਵਿਚ ਲੋਕਾਂ ਦੇ ਨਾਲ ਕੂੜ ਦੇ ਯਾਰੀ
ਵੀਅਤਨਾਮ.....

ਰੱਬ ਦੀ ਰਜ਼ਾ ਨੂੰ ਠੁਕਰਾ ਕੇ ਜੋ ਹੱਕਾਂ ਲਈ ਲੜਦੇ,
ਅਜ ਨਹੀਂ ਤਾਂ ਕੱਲ ਨੂੰ ਆਖਰ ਸੱਚ ਦੇ ਸੂਰਜ ਚੜ੍ਹਦੇ
ਰਲਕੇ ਲੋਕਾਂ ਖੋਹਿਆ ਚਾਨਣ ਝੂਠ ਦੀ ਬਾਜ਼ੀ [illegible]
ਵੀਅਤਨਾਮ.....

ਅੱਗ ਵਰ੍ਹਾਈ ਸਾਲਾਂ ਬੱਧੀ ਲੋਕੀਂ ਮੂਲ ਨਾ ਡੋਲੇ,
ਨਿਗੁਰਾਂ ਨੇ ਕੀਤੇ ਕੰਮ ਨਿੱਗਰ ਪੱਲੇ ਪੈ ਗਏ ਪੱਲੇ,
ਅਮਨ ਦੀ ਖਾਤ੍ਰ ਚੁਕੀਆ ਰਫਲਾਂ ਹਿੱਕ ਧਰਤ ਦੀ ਠਾਰੀ
ਵੀਅਤਨਾਮ.....

ਆਖਰ ਸੱਚ ਨੇ ਜਿਤਣਾ ਹਰ ਥਾਂ, ਕੁਲ ਸਿਆਣੇ ਕਹਿੰਦੇ
ਜ਼ੁਲਮ ਦੀਆਂ ਨੀਹਾਂ ਤੇ ਖੜੇ ਰਾਜ ਸਦਾ ਨਹੀਂ ਰਹਿੰਦੇ
ਵੀਅਤਨਾਮ ਨੂੰ ਲਾਲ ਸਲਾਮਾਂ ਕਰਦੇ ਹਾਂ ਲੱਖ ਵਾਰੀ,
ਵੀਅਤਨਾਮ ਦੀ.....

ਸੱਚ ਨੂੰ ਸੀਸ ਝੁਕਾ ਕੇ ਥੋਹੜਾ ਹੰਭਲਾ ਰਲਕੇ ਮਾਰੋ,
ਚੱਪੇ ਚੱਪੇ ਹੜ੍ਹ ਜ਼ੁਲਮ ਦਾ ਆਇਆ 'ਭਰਾਤ' ਦੇ ਯਾਰੋ
ਵੀਅਤਨਾਮ ਦੀ ਉਂਗਲੀ ਫੜਕੇ ਛਟਕੇ ਕਰੋ ਤਿਆਰੀ
ਵੀਅਤਨਾਮ ਦੀ ਅਮਰ ਕਹਾਣੀ ਜਾਣੇ ਦੁਨੀਆਂ ਸਾਰੀ
ਲੀਰੋ ਲੀਰ ਬੰਬਾਂ ਨੇ ਕੀਤੀ ਧਰਤੀ ਇਕ ਨਿਆਰੀ।

---

ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਸ. ਹਰਬੰਸ ਸਿੰਘ ਜੌਲੀ ਦੀ ਨਿਗਰਾਨੀ ਹੇਠ ਜਸਪਾਲ ਪ੍ਰਿੰਟਿੰਗ ਪ੍ਰੈਸ, ਕਟੜਾ ਘਨਈਆਂ, ਅੰਮ੍ਰਿਤਸਰ ਤੋਂ ਛਪਵਾ ਕੇ, ਦਫਤਰ ਸਰਦਲ, ਤੇਜ ਪ੍ਰਿੰਟਿੰਗ ਪ੍ਰੈਸ, ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।
ਪ੍ਰਕਾਸ਼ਨ ਮਿਤੀ ਜੂਨ 28, 1975.

ਇਕ ਨਾਵਲਿਟ

# ਸੰ ਭਾ ਵ ਨਾ

—ਸੁਰਿੰਦਰਜੀਤ

੧

ਮਿਰਗੀ ਦੇ ਮਰੀਜ਼ ਵਾਂਗ ਵਿਆਕੁਲ ਹੈ ਪੌਣ
ਡੱਬ ਖੜੱਬਾ ਸ਼ਾਮਿਆਨਾ ਝੂਲ ਰਿਹਾ ਹੈ
ਵੰਝਾਂ ਨਾਲ ਚਮਗਿੱਦੜਾਂ ਵਾਂਗ ਪੁੱਠੇ ਲਟਕਦੇ ਬਿਜਲੀ ਦੇ
ਲਾਟੂ ਅਜੇ ਸੁੱਤੇ ਪਏ ਹਨ
ਛੱਪੜ ਦਾ ਪਾਣੀ ਪਲ ਪਲ ਰੰਗ ਬਦਲ ਰਿਹਾ ਹੈ
ਬੋਹੜ ਤੇ ਬੈਠੀਆਂ ਗਿੱਧਾਂ ਸੁੰਨ ਹਨ
ਚਿਹਰਿਆਂ ਤੇ ਧੁੰਧਲਕਾ ਬਰਫ਼ ਵਾਂਗ ਕਿਰ ਰਿਹਾ ਹੈ
ਇਹਨਾਂ ਚੋਂ ਕੁੱਝ ਦੀ ਮੈਨੂੰ ਪਛਾਣ ਹੈ
ਬਾਕੀ ਸ਼ਾਇਦ ਮੈਨੂੰ ਪਛਾਣਦੇ ਹਨ
ਲਗਰਾਂ ਜਹੀਆਂ ਕੁੜੀਆਂ ਉਡਦੀਆਂ ਫਿਰਦੀਆਂ ਹਨ,

"ਦੀਦੀ ਤੁਸੀਂ ਅਰਾਮ ਕਰੋ। ਅਸੀਂ ਸਭ ਪ੍ਰਬੰਧ ਆਪੇ ਕਰ ਲੈਣਾ ਏ। ਰਾਤ ਨੂੰ ਬੜਾ ਲੰਮਾ ਪ੍ਰੋਗਰਾਮ ਏ। ਤੁਸੀਂ ਪਹਿਲਾਂ ਹੀ ਬਥੇਰਾ ਥੱਕ ਚੁਕੇ ਓ। ਜਾਓ ਵੀ ਨਾ ਅਰਾਮ ਕਰੋ ਦੀਦੀ ਪਲੀ.. ਈ.. ਜ਼"

ਮੈਂ ਆਖਦੀ ਹਾਂ, ਅਰਾਮ ਦੀ ਤਾਂ ਥੋੜੀ ਵਰੇਸ਼ ਐ ਅੜੀਓ। ਮੈਂ ਹੁਣ ਕੀ ਅਰਾਮ ਕਰਨਾ ਏ? ਬਥੇਰਾ ਰੱਖਿਐ ਹੱਡਾਂ ਨੂੰ ਪਾਰੇ ਵਾਂਗ ਸਾਂਭ ਸਾਂਭ। ਮੌਸਮ ਨੂੰ ਮਿਣ ਮਿਣ ਕੇ ਬਥੇਰੀਆਂ ਰੁੱਤਾਂ ਗਾਹੀਆਂ ਨੇ। ਨਿਕਰਮਣ ਸੋਚਾਂ ਨੂੰ ਪਾਲ ਪਾਲ ਉਡਾਰ ਕਰ ਕੇ ਛੱਡ ਦੇਣ ਤੋਂ ਬਿਨਾਂ ਕੀਤਾ ਈ ਕੀ ਏ ਜ਼ਿੰਦਗੀ ਦਾ!

'ਪਰ ਦੀਦੀ ਹੁਣੇ ਤਾਂ ਤੁਸੀਂ ਅਜੇ ਠੀਕ..."

ਹਾਂ, ਮੈਨੂੰ ਪਤਾ ਏ ਮੈਂ ਹੁਣੇ ਈ ਬੀਮਾਰੀ ਤੋਂ ਉਠੀ ਆਂ। ਉਂਜ ਮੈਂ ਠੀਕ ਵੀ ਕਦੋਂ ਸਾਂ। ਹਮੇਸ਼ਾ ਬੀਮਾਰ ਜਹੇ ਖਿਆਲਾਂ ਨਾਲ ਸਹੇਲਪੁਣਾ ਰਿਹਾ ਮੇਰਾ। ਅਰੋਗ ਲਹਿਰਾਂ ਤੋਂ ਤ੍ਰਹਿੰਦੀ ਰਹੀ। ਅਪਾਹਜ ਸੁਪਨਿਆਂ ਨਾਲ ਖੇਡਦੀ ਰਹੀ। ਆਪਣੇ ਹੀ ਸਿਵੇ ਦੀ ਲਾਟ ਦੀ ਛਾਵੇਂ ਘੂਕ ਸੁੱਤੀ ਰਹੀ। ਤੇ...

'ਪਰ ਦੀਦੀ...'

ਸੰਦੂਕ 'ਚ ਕੈਦ ਕਪੜਿਆਂ ਵਰਗੀਆਂ ਬੋਦੀਆਂ ਉਮੀਦਾਂ ਨਾਲ ਲਟਕਦੀ ਰਹੀ। ਭੁਰਦੀ ਰਹੀ। ਹੁਣ ਕੁਝ ਸੁਰਤ ਆਈ ਐ ਤਾਂ ਲਗਦੈ ਬਈ ਜਿਹੜੀ ਘੜੀ ਕਿਸੇ ਲੇਖੇ ਲੱਗ ਜੇ ਉਹੀ ਸੁਲੱਖਣੀ।

੨

ਦੋ ਮਿੰਟ ਲਈ ਬਿਜਲੀ ਆਈ ਸੀ।
ਕਿੰਨੀ ਭੱਜ ਦੌੜ ਹੈ। ਬਿਲਕੁਲ ਵਿਆਹਾਂ ਵਾਂਗ।
ਫ਼ਰਕ ਹੈ ਤਾਂ ਬੱਸ ਬੱਚਿਆਂ ਦੀ ਕਾਂਵਾਂ-ਰੌਲੀ ਨਹੀਂ
ਔਹ ਲੜਕੇ ਸ਼ਾਇਦ ਲੈਸ ਲਈ ਆ ਰਹੇ ਹਨ।

ਪਤਲਾ ਜਿਹਾ ਰੇਸ਼ਮੀ [illegible] ਤਿਲ੍ਹਕਦਾ ਆ ਰਿਹਾ ਹੈ। ਵਿਹੜੇ ਦੇ ਪਰਲੀ [illegible] ਜਿਥੇ ਰੇੜ੍ਹੀਆਂ ਨੂੰ ਜੋੜ ਕੇ ਮੰਚ ਬਣਾਇਆ ਗਿਆ ਹੈ, ਇਕ ਹਲਕੀ ਹਲਕੀ ਅਵਾਜ਼ ਪੌਣ 'ਚ ਘੁਲ ਰਹੀ ਹੈ। ਬੜੀ ਕਾਰਸਾਜ਼ ਹੈ ਪੌਣ ਵੀ— ਸਟੇਜ ਸਕੱਤਰ ਦੇ ਬੋਲਾਂ ਨੂੰ ਕੰਧਾੜੇ ਚੁੱਕ ਕੇ ਸਭ ਨੁੱਕਰਾਂ ਘੁਮਾ ਲਿਆਉਂਦੀ ਹੈ। ਉਹ ਸ਼ਾਇਦ ਲੋਕਾਂ ਨੂੰ ਆਧੁਨਿਕ ਕਵਿਤਾ ਦੇ ਵਿਸ਼ੇ ਤੇ ਸੁਭਾਅ ਬਾਰੇ ਜਾਣੂ ਕਰਾ ਰਿਹਾ ਹੈ।

ਸਵਾਲ ਰਾਂਗਲੀਆਂ ਬਾਤਾਂ 'ਚ ਉਲਝੇ ਬਾਲਮਨਾਂ ਤਕ ਹੀ ਸੀਮਤ ਨਹੀਂ। ਗੱਲ ਹੈ, ਸੋਨੇ ਦੇ ਦੀਵਿਆਂ ਚੋਂ ਝਰਦੇ ਹਨੇਰ ਦੀ, ਸਰਕੜੇ ਤੇ ਘਸਦੇ ਦਿਲਾਂ ਦੀ, ਕੈਦੀਆਂ ਦੇ ਬਰਤਨਾਂ ਚੋਂ ਵਿਲਕਦੇ ਸੰਗੀਤ ਦੀ, ਕੱਛੇੜ ਚੁਕੀਆਂ ਦੁਰਘਟਨਾਵਾਂ ਦੀ ਤਿੜਕੇ ਭਾਗ ਮਹਿਲਾਂ ਦੀ ਤੇ ਪਰੌਣਿਆਂ ਤੇ ਘਸ ਘਸ ਲਾਪਤਾ ਹਏ ਅੰਗੂਠਿਆਂ ਦੀ ਗੱਲ ਹੈ ਜੋ ਅਸਾਂ ਨੇ..

ਖੌਰੇ ਕੀ ਏ ਇਸ ਸੂਕੇ ਜਿਹੇ ਲੜਕੇ ਦੀ ਆਵਾਜ਼ ਵਿਚ ਬੀਤ ਚੁਕੇ ਚੋਂ ਕਾਤਰਾਂ ਮਧੂਮੱਖੀਆਂ ਵਾਂਗ ਭੈਰਦੀਆਂ ਆਉਂਦੀਆਂ ਹਨ। ਜੁੜ ਜੁੜ ਕੇ ਕਹਾਣੀ ਬਣਨਾ ਲੋਚਦੀਆਂ। ਪਰ, ਸਾਰੇ ਹਾਦਸੇ ਇਕੋ ਹਾਣ ਦੇ ਤਾਂ ਨਹੀਂ ਹੁੰਦੇ। ਇਹਨਾਂ ਦੀ ਭੰਨ ਤੋੜ ਕਰਦਿਆਂ, ਇਕ ਦੂਜੇ ਦੇ ਮੇਚ ਕਰਨ ਲਈ ਘੜਦਿਆਂ ਤਰਾਸ਼ਦਿਆਂ ਕਿਧਰੇ ਨਾ ਕਿਧਰੇ ਕੁਤਾਹੀ ਹੋ ਹੀ ਜਾਂਦੀ ਹੈ। ਉਂਗਲਾਂ ਥਿੜਕ ਹੀ ਜਾਂਦੀਆਂ ਹਨ। ਤੇ ਚਟਾਖ ਕਰਦਾ ਸਭ ਕੁਝ ਤੇੜ੍ਹਿਆ ਜਾਂਦਾ ਹੈ। ਸਭ ਉਥਲ ਪੁਥਲ। ਬੇਸਿਰ ਪੈਰ। ਅਮਲੀ ਦਾ ਸੁਪਨਾ।

੩

ਆਮ ਵਰ੍ਹਿਆਂ ਜਿਹਾ ਵਰ੍ਹਾ ਨਹੀਂ ਸੀ ਉਹ।

ਰੁੱਤਾਂ ਦਾ ਗੇੜ ਸਾਵਾਂ ਹੋਣ ਦੇ ਬਾਵਜੂਦ ਵੀ ਕੁਝ ਬਦਲਿਆ ਬਦਲਿਆ ਲਗਦਾ ਸੀ। ਫਸਲਾਂ ਕਿਸੇ ਸਰੂਰ ਵਿਚ ਗੜੂੰਦ ਸਨ। ਘਰ ਅਗਲੀ ਨਿੰਮ ਬੇਸ਼ੁਮਾਰ ਨਮੋਲੀਆਂ ਨਾਲ ਲੱਦੀ ਪਈ ਸੀ। ਤੇ ਉਸ ਦੀ ਬੁੱਕਲ ਵਿਚ ਸਹਿਮੀ ਲਸੂੜੀ ਦਾ ਰੰਗ, ਪਤਾ ਨਹੀਂ ਕਦੋਂ ਮੇਰੇ ਚਿਹਰੇ 'ਚ ਉਤਰ ਆਇਆ ਸੀ। ਵਿਹੜੇ 'ਚ ਲਾਏ ਵੀਰੇ ਦੇ ਸ਼ਹਿਤੂਤ ਪਾਸ ਮੈਂ ਖਲੋਂਦੀ ਤਾਂ ਸਿਖਰਲਾ ਪੱਤਾ

ਮੇਰੇ ਮੱਥੇ ਨੂੰ ਜਿਵੇਂ ਮਲਕੜੇ ਜਹੇ ਪਲੋਸ ਲੈਂਦਾ।

ਇਸੇ ਲਈ ਤਾਂ ਕਹਿੰਦੀ ਹਾਂ ਆਮ ਵਰ੍ਹਿਆਂ ਵਰਗਾ ਵਰ੍ਹਾ ਨਹੀਂ ਸੀ ਉਹ। ਸਭ ਪਾਸਿਉਂ ਜ਼ਰਖੇਜ਼। ਕੀ ਨਹੀਂ ਸੀ ਹੋਇਆ ਉਸ ਵਰ੍ਹੇ। ਫੈਜ਼ ਦੀਆਂ ਗ਼ਜ਼ਲਾਂ ਗਾਉਣ ਵਾਲਾ ਸਰਦਾਰ ਅਲੀ ਫਿਲਮਾਂ 'ਚ ਚਲਾ ਗਿਆ ਸੀ। ਇਤਾਰ ਵਾਲੇ ਨੀਰਜ ਖੰਨਾ ਨੂੰ ਟੈਲੀਵਿਜ਼ਨ ਤੇ ਨੌਕਰੀ ਮਿਲ ਗਈ ਸੀ। ਮੇਰੇ ਜਮਾਤੀ ਅਵਤਾਰ ਢਿੱਲੋਂ ਤੇ ਕਿਰਨਜੀਤ ਨੇ ਨਾਟਕ ਖੇਡਦੇ ਖੇਡਦੇ ਜ਼ਿੰਦਗੀ ਦਾ ਨਾਟਕ ਰਚਾ ਲਿਆ ਸੀ।

ਸਚਮੁਚ ਹੀ ਬੜਾ ਅਜੀਬ ਸੀ ਉਹ ਵਰ੍ਹਾ—ਹਰ ਹਫ਼ਤੇ ਕੋਈ ਨਾ ਕੋਈ ਸਮਾਗਮ। ਸਹੇਲੀਆਂ ਦੀ ਜ਼ਿਦ ਹੁੰਦੀ, ਪ੍ਰੋ: ਬਿੰਦਰਾ ਦੀ ਖਾਮੋਸ਼ ਮੁਸਕਰਾਹਟ—ਤੇ ਮੈਂ ਹਰ ਵਾਰ ਉਹੋ ਗੀਤ ਸੁਣਾਉਂਦੀ :

ਤੰਗ ਆ ਗਏ ਕਸ਼ਮਕਸ਼ੇ ਜ਼ਿੰਦਗੀ ਸੇ ਹਮ
ਠੁਕਰਾ ਨਾ ਦੇ ਜਹਾਂ ਕੋ ਕਹੀਂ ਬੇਦਿਲੀ ਸੇ ਹਮ,

ਕਿੰਨੀ ਕਿੰਨੀ ਦੇਰ ਤਾੜੀਆਂ ਦੇ ਜੰਗਲ 'ਚ ਮੇਰਾ ਪਰਛਾਵਾਂ ਮੋਮਬੱਤੀ ਦੀ ਲਾਟ ਵਾਂਗ ਥਿਰਕਦਾ ਰਹਿੰਦਾ। ਸਟੇਜ ਤੋਂ ਉਤਰਦਿਆਂ ਲਗਦਾ ਜਿਵੇਂ ਹੋਰ ਧਰਤੀ ਤੇ ਆ ਗਈ ਹੋਵਾਂ। ਇਕ ਸਰੂਰ ਕਣੀ ਕਣੀ ਝਰਦਾ ਜਾਂਦਾ ਤੇ ਆਲਾ ਦੁਆਲਾ ਇੰਜ ਲਗਦਾ, ਜਿਵੇਂ ਦੀਵਾਲੀ ਦੇ ਦਿਨੀਂ ਲਿੰਬਿਆ ਪੋਚਿਆ ਚੌਂਤਰਾ।

੪

ਪਰ ਸਮਾਂ ਭਾਵੇਂ ਨਿਰੰਤਰ ਚਾਲ ਚਲਦਾ ਹੈ, ਫਿਰ ਵੀ ਦਰੇਤ ਕਰ ਜਾਂਦਾ ਹੈ। ਮੈਂ ਗੀਤ ਸੁਣਾ ਕੇ ਹਟੀ। ਕੁਝ ਦੇਰ ਆਪਣੇ ਆਪ ਨਾਲ ਲੁਕਣਮੀਟੀ ਖੇਡਦੀ ਰਹੀ। ਗੁਆਚੀ ਰਹੀ।

ਪਰ ਕੀ ਪਤਾ ਸੀ ਕਿ ਇਹ ਹਾਲਤ ਬਹੁਤੀ ਦੇਰ ਨਹੀਂ ਸੀ ਰਹਿਣੀ। ਸਟੇਜ ਤੇ ਇਕਹਿਰੇ ਜਿਹੇ ਸਰੀਰ ਦਾ ਮੇਰਾ ਜਮਾਤੀ, ਜੋ ਕੁਝ ਦਿਨ ਪਹਿਲਾਂ ਹੀ ਕਿਸੇ ਹੋਰ ਕਾਲਜੋਂ ਆਇਆ ਸੀ, ਬੋਲ ਰਿਹਾ ਸੀ,

'ਜ਼ਿੰਦਗੀ ਦੀ ਕਸ਼ਮਕਸ਼ ਤੋਂ ਤੰਗ ਆ ਕੇ ਜਹਾਨ ਨੂੰ ਠੁਕਰਾ ਦੇਣ ਨਾਲ ਜੇ ਕੁਝ ਹੋ ਸਕੇ ਤਾਂ ਇਸ ਤੋਂ ਸੌਖਾ ਤੇ ਸਰਲ ਹੱਲ ਕੋਈ ਨਹੀਂ ਹੋਵੇਗਾ। ਪਰ... ਪਰ ਗੱਲ ਇੰਨੀ ਸਿੱਧੀ ਨਹੀਂ ਦੋਸਤੋ! ਪਤਾ ਨਹੀਂ ਕਿੰਨੇ ਕੁ ਵਾਦ ਏਸ ਨਿਰਾਸ਼ਾਵਾਦ ਚੋਂ ਗੁਜ਼ਰੇ।'

ਮੈਂ ਹੈਰਾਨ

'ਦਰਅਸਲ ਅਸੀਂ ਸੱਚ ਦਾ ਸਾਹਮਣਾ ਕਰਨੋਂ ਜਰਕਦੇ ਹਾਂ। ਆਪਣੀ ਜ਼ਮੀਰ ਦਾ ਗਲਾ ਘੁੱਟਣ ਲਈ ਉਧਾਰ ਫੜੇ ਘਸੇ ਵਿਚਾਰਾਂ ਦੀ ਓਟ ਤੱਕਦੇ ਫਿਰਦੇ ਹਾਂ।'

ਮੈਂ ਹੈਰਾਨ—ਇਕ ਘੁਮੇਰ ਜਿਹੀ ਮੇਰੇ ਸਿਰ ਨੂੰ ਚੜ੍ਹਦੀ ਪਈ ਸੀ।

'ਕਿੰਨੇ ਨਿੱਘਰ ਗਏ ਹਾਂ ਅਸੀਂ। ਰੁੱਖਾਂ ਤੋਂ ਵੀ ਭੈ ਆਉਂਦਾ ਹੈ। ਪਰ ਇਥੇ ਕਿਸੇ ਨੂੰ ਕੀ ਸਮਝਾਈਏ! ਹਰ ਕੋਈ ਦੁਸ਼ਮਣ ਦਾ ਜਾਸੂਸ ਲਗਦਾ ਹੈ। ਇਕ ਵਾਰ ਕਿਸੇ ਲੀਡਰ ਨੇ ਕਿਹਾ ਕਿ ਹਫ਼ਤੇ 'ਚ ਇਕ ਦਿਨ ਫਾਕਾ ਕੱਟੀਏ ਤਾਂ ਅਨਾਜ ਸਮੱਸਿਆ ਹੱਲ ਹੋ ਸਕਦੀ ਹੈ। ਕਿਉਂ ਨਹੀਂ ? ਉਹ ਕਹਿਣ ਤਾਂ ਅਸੀਂ ਸ਼ਰਤ ਰੱਖ ਕੇ ਫਾਕਾਕਸ਼ੀ ਤੇ ਵੀ ਬੈਠ ਸਕਦੇ ਹਾਂ। ਨਾਲੇ ਅਸੀਂ ਕਿਹੜਾ ਲੁਹਾਰਾਂ ਤਖਾਣਾਂ ਦੀ ਔਲਾਦ ਹਾਂ ਕਿ ਗੁਦਾਮਾਂ ਦੀ ਰਾਖੀ ਬੈਠੇ ਰੇਪੜੀ ਜੰਦਰਿਆਂ ਲਈ ਚਾਬੀਆਂ ਘੜ ਸਕੀਏ।

ਨਿੱਕੇ ਨਿੱਕੇ ਭੂਸਲੇ ਸਪੋਲੀਏ ਮੇਰੀਆਂ ਅੱਖਾਂ ਅੱਗੇ ਉਡਦੇ ਪਏ ਸਨ।

'ਅਸੀਂ ਤਾਂ ਵੇਦਾਂ ਦੀ ਧਰਤੀ ਤੇ ਜਨਮ ਲਿਆ ਹੈ। ਇਥੇ ਜਿਵੇਂ ਸੈਨਕਾਂ ਲਈ 'ਚੱਕਰ' ਹਨ ਉਵੇਂ ਅਸਾਡੇ ਲਈ ਵੀ ਡਿਗਰੀਆਂ ਹਨ — ਤਿਆਗੀ, ਮਹਾਂ ਤਿਆਗੀ, ਪਰਮ ਤਿਆਗੀ ਤੇ ਇਸੇ ਤਰ੍ਹਾਂ ਸਿਲਸਿਲਾ ਚਲਦਾ ਹੈ। ਆਪਾਂ ਚੌਰਾਹੇ ਤੇ ਖੜੇ ਹਾਂ। ਚੌਖਿੜੀ ਦੀ ਰੱਤ ਹੁਣ ਜਲਾਵਤਨ ਹੋ ਜਾਣੀ ਚਾਹੀਦੀ ਹੈ। ਜ਼ਿੰਦਗੀ ਜੂਏ 'ਚ ਜਿੱਤੀ ਹਵੇਲੀ ਨਹੀਂ, ਕੱਕਰ ਦਿਨੀਂ ਟੋਭੇ ਚੋਂ ਚੁਗੇ ਚਿੱਕੜ ਨਾਲ ਪੱਥੀਆਂ ਇਟਾਂ ਦੀ ਝੌਂਪੜੀ ਹੈ। ਹੁਣ ਕੁਝ ਵੀ ਲੁਕਿਆ ਨਹੀਂ। ਸਭ ਸਾਹਮਣੇ ਹੈ। ਤੇ ਬਾਕੀ ਰਸਤਾ ਤਾਂ ਹਮੇਸ਼ਾ ਆਪ ਹੀ ਚੁਨਣਾ ਪੈਂਦਾ ਹੈ।

ਹਾਲ ਵਿਚ ਰੇਗਿਸਤਾਨ ਜਹੀ ਖਾਮੋਸ਼ੀ ਸੀ। ਕਾਹਲੇ ਕਦਮੀਂ ਉਹ ਬਾਹਰ ਵਲ ਜਾਂਦਾ ਛਿਣ ਭਰ ਮੇਰੇ ਪਾਸ ਰੁਕਿਆ : ਮੁਆਫ ਕਰਨਾ।

ਤੇ ਮੈਂ ਉਸ ਦੀ ਪਿੱਠ ਨੂੰ ਘੂਰਦੀ ਰਹੀ।

ਸਭ ਦੀਆਂ ਨਜ਼ਰਾਂ ਮੇਰੇ ਵਲ ਸਨ ਤੇ ਮੈਂ ਪਾਣੀ ਪਾਣੀ ਹੋ ਗਈ। ਰੈਬੜ ਦੇ ਬਾਵਿਆਂ ਵਾਂਗ ਬੈਠੀਆਂ ਸਨ ਸਖੀਆਂ। ਪ੍ਰੋ: ਬਿੰਦਰਾ ਛੱਤ ਵਲ ਵੇਖ ਰਹੇ ਸਨ... ਡੌਰ ਭੌਰ ਉਖੜੇ ਉਖੜੇ। ਮੈਨੂੰ ਲੱਗਾ ਮੇਰੀ ਪਿੱਠ ਉਤਲੇ ਲਸਣ ਨੇ ਭਖਦਿਆਂ ਭਖਦਿਆਂ ਉਨੀ ਥਾਂ ਤੋਂ ਕਮੀਜ਼ ਸਾੜ ਦਿਤੀ ਹੈ ਤੇ ਮੈਂ ਸਭ ਦੇ ਸਾਹਮਣੇ ਨੰਗੀ ਹੋ ਗਈ ਹਾਂ। ਹੁਣੇ ਉਸ ਥਾਂ ਤੋਂ ਨਿਕਲਦਾ ਸੇਕ ਆਲੇ ਦੁਆਲੇ ਨੂੰ ਝੁਲਸ ਦੇਵੇਗਾ। ਸਾਰੇ ਲਾਂਭੇ ਹੋ ਜਾਣਗੇ। ਸਿਰਫ

ਮੈਂ ਸੁਲਘਦੀ ਰਹਾਂਗੀ—ਠਰੀਆਂ ਉਂਗਲਾਂ 'ਚ ਜੜੀਆਂ ਉਦਾਸ ਸਿਗਰਟ — ਅਣਪੀਤੀ, ਅਣਗੌਲੀ — ਰਾਖ ਦੀ ਪੁਤਲੀ ਕਿਸੇ ਫੂਕ ਵੀ ਮਾਰੀ ਤਾਂ ਖਿੰਡਰ ਜਾਵਾਂਗੀ...

੫

ਤੇ ਆਖਰ ਉਸ ਨੂੰ ਬੁਲਾ ਹੀ ਲਿਆ।

ਰਾਵੀ ਮੇਰੀ ਸਹੇਲੀ ਨਾਲ ਸੀ ਮੇਰੇ।

ਕਈ ਦਿਨ ਆਲੇ ਦੁਆਲੇ ਚੋਂ ਬਹਾਨੇ, ਫਰੋਲਦੀਆਂ ਰਹੀਆਂ। ਲੰਮੀਆਂ ਲੰਮੀਆਂ ਭੂਮਕਾਵਾਂ ਉਲੀਕਦੀਆਂ ਰਹੀਆਂ। ਪਰ ਉਸ ਦੇ ਪਾਸ ਜਾਂਦਿਆਂ ਹੀ ਜਿਵੇਂ ਸਭ ਕੁਝ ਗੁਆਚ ਜਾਂਦਾ। ਸਭ ਧੂੰਆਂ ਧਾਰ। ਵਾਵਰੋਲੇ ਵਾਂਗ ਉਹ ਆਉਂਦਾ ਤੇ ਆਦਰਾਂ ਧਰੂਹ ਕੇ ਲੈ ਜਾਂਦਾ।

ਤੇ ਮੈਂ ਵੇਖਦੀ ਰਹਿੰਦੀ ਆਪਣੇ ਤੋਂ ਮਨਫ਼ੀ ਹੋਏ ਅੰਗਾਂ ਨੂੰ ਤੇ ਬਾਕੀ ਬਚੇ ਰੰਗਾਂ ਨੂੰ। ਜਿਉਂ ਜਿਉਂ ਅੰਗ ਘਟਦੇ ਜਾਂਦੇ ਸਨ ਰੰਗ ਨਿੱਖਰਦੇ ਆਉਂਦੇ ਸਨ ਤੇ ਘਰ ਪਰਤਣ ਤੇ ਹਮੇਸ਼ਾ ਇੰਜ ਹੀ ਹੁੰਦਾ।

ਮੇਜ਼ ਤੇ ਪਈਆਂ ਕਿਤਾਬਾਂ ਕੀੜਿਆਂ ਦਾ ਭੌਣ ਲਗਦੀਆਂ। ਥਾਂ ਕੁਥਾਂ ਲਟਕੇ ਕੈਲੰਡਰ ਵਲੂੰਧਰੇ ਪਏ ਲਗਦੇ ਜਿਵੇਂ ਲਾਵਾਰਸ ਲਾਸ਼ ਦੇ ਲੀੜੇ ਕੁਤਿਆਂ ਲੰਗਾਰ ਕਰ ਸੁਟੇ ਹੋਣ।

ਤੇ ਆਖਰ ਉਸ ਨੂੰ ਬੁਲਾ ਹੀ ਲਿਆ। ਮੈਂ ਸੋਚਿਆ ਵੀ ਨਹੀਂ ਸੀ ਕਿ ਇੰਨਾ ਠਰੰਮਾ ਵੀ ਹੋ ਸਕਦਾ ਹੈ ਕਿਧਰੇ। ਛਿਣ ਭਰ ਲਈ ਉਹ ਤ੍ਰਭਕਿਆ। ਪਰ ਅਗਲੇ ਹੀ ਪਲ ਮੈਂ ਆਪਣੀ ਖੱਬੀ ਚੀਚੀ ਟੁਕਦੀ ਉਹਦੇ ਮੂੰਹੋਂ ਛਣਕ ਛਣਕ ਕਿਰਦੇ ਬੋਲਾਂ ਨੂੰ ਚੁਗ ਰਹੀ ਸਾਂ, 'ਤੁਸੀਂ ਮੈਨੂੰ ਉਸ ਦਿਨ ਦਾ ਨਾ ਬੁਲਾਇਆ?' — ਡਰ ਲਗਦਾ ਸੀ। ਅੱਜ ਵੀ ਸ਼ਾਇਦ ਨਾ ਬੁਲਾ ਸਕਦੀ। ਪਰ ਹਰ ਰੋਜ਼ ਮਨ ਤੇ ਇੰਨਾ ਭਾਰ ਚੁੱਕੀ ਫਿਰਨਾ ਬਹੁਤ ਮੁਸ਼ਕਿਲ ਸੀ, 'ਪਰ ਡਰ ਕਾਹਦਾ?'

ਏਸ ਸ਼ਹਿਰ ਦਾ ਤੁਹਾਨੂੰ ਅਜੇ ਪਤਾ ਨਹੀਂ ਪੂਰਾ। ਸ਼ੱਕਾਂ 'ਚ ਗਰਕੇ ਹੋਏ ਨੇ ਇਥੋਂ ਦੇ ਲੋਕ। ਕੁਆਰੀਆਂ ਦੀ ਕੁੱਛੜ ਜੁਆਕ ਦਿੰਦੇ ਨੇ। ਇਥੇ ਹਰ ਕਿਸੇ ਨੂੰ ਤੰਗ ਨਜ਼ਰ ਦੀ ਬੀਮਾਰੀ ਏ। ਕਿਸ ਕਿਸ ਦੇ ਐਨਕ ਲੁਆ ਦਿਓਗੇ ਤੁਸੀਂ?

ਸਾਹਮਣੇ ਵਰਾਂਡੇ 'ਚ ਖੜੇ ਪ੍ਰੋ: ਬਿੰਦਰਾ ਨੂੰ ਆਪਣੇ ਆਪ ਤੇ ਯਕੀਨ ਨਹੀਂ ਸੀ ਆ ਰਿਹਾ। ਐਨਕ ਲਾਹ ਕੇ ਅੱਖਾਂ ਮਲੀਆਂ। ਸ਼ੀਸ਼ੇ ਸਾਫ ਕੀਤੇ। ਪਰ ਹੁਣ ਸੱਚਮੁੱਚ ਹੀ ਉਹਨਾਂ ਨੂੰ ਆਪਣੀ ਐਨਕ ਬਦਲਣੀ ਪੈਣੀ ਸੀ। ਕਈ ਚੀਜ਼ਾਂ ਦੀ ਇਕ ਨਿਸ਼ਚਿਤ ਉਮਰ ਹੁੰਦੀ ਹੈ, ਉਸਤੋਂ ਬਾਅਦ ਉਹ ਜਿਊਂਦੀਆਂ ਵੀ ਹੋਣ, ਬਲੀ ਦੇਣੀ ਹੀ ਪੈਂਦੀ ਹੈ, 'ਪਰ ਮੇਰਾ ਮਤਲਬ ਸੀ ਤੁਸੀਂ ਤਾਂ...?'

—ਸੱਚ ਪੁਛੋ ਤਾਂ ਤੁਸੀਂ ਬੜਾ ਹੀ ਸ਼ਰਮਸਾਰ ਕੀਤਾ ਮੈਨੂੰ। ਉਂਜ ਮੈਂ ਤੁਹਾਡਾ ਦੇਣ ਕਦੀ ਨਹੀਂ ਦੇ ਸਕਾਂਗੀ। ਰਾਕਟ ਵਾਂਗ ਪੁਲਾੜ 'ਚ ਘੁੰਮਦੀ ਮੇਰੀ ਸੋਚਣੀ ਨੂੰ ਤੁਸੀਂ ਧਰਤੀ ਤੇ ਖਿੱਚ ਲਿਆਂਦਾ, ਹੈ 'ਤੁਸੀਂ ਬਦਲਾ ਲੈ ਰਹੇ ਹੋ ਮੈਥੋਂ ਇਸ ਤਰ੍ਹਾਂ ਸ਼ਰਮਿੰਦਾ ਕਰ ਕੇ?' ਮੈਂ ਸਚ ਕਹਿ ਰਹੀ ਆਂ। ਇਹ ਕਿਤਾਬ ਕਿਹੜੀ ਹੈ ਭਲਾ। 'ਸਾਇਬੇਰੀਆ — ਮੇਰੀਆਂ ਕਹਾਣੀਆਂ ਦਾ ਸੰਗ੍ਰਿਹ ਹੈ' — ਸਾਇਬੇਰੀਆ? ਅਜੀਬ ਨਾਂ ਹੈ,ਗਏ ਹੋ ਕਦੀ ਉਥੇ? 'ਜਾਣ ਦੀ ਕੀ ਜ਼ਰੂਰਤ ਹੈ। ਸਾਰਾ ਭਾਰਤ ਸਾਇਬੇਰੀਆ ਹੈ ਜਿਥੇ ਅਸੀਂ ਸਾਰੇ ਬਣਵਾਸ ਕੱਟ ਰਹੇ ਹਾਂ। ਮੈਂ ਖੁਦ ਸਾਇਬੇਰੀਅਨ ਹਾਂ — ਵੇਖਿਆ ਨਹੀਂ ਮੇਰੇ ਨੈਣਾਂ 'ਚ ਮੰਗੋਲ ਲਟਕਦੇ ਹਨ।'

—ਛੱਡੋ ਵੀ। ਕਖ ਸਮਝ ਨਹੀਂ ਪੈਂਦੀਆਂ ਇਹ ਗੱਲਾਂ, ਨਿਰੇ ਸੁਪਨੇ ਲੱਗਦੀਆਂ ਹਨ — 'ਕਦੀ ਮੈਂ ਵੀ ਇਹੋ ਕਿਹਾ ਕਰਦਾ ਸਾਂ — ਕਖ ਸਮਝ ਨਹੀਂ ਪੈਂਦੀਆਂ ਇਹ ਗੱਲਾਂ।'

ਤੇ ਇੰਜ ਹੀ ਵਹਿੰਦਾ ਰਿਹਾ ਸਮੇਂ ਦਾ ਦਰਿਆ। ਕਾਗਜ਼ ਦੀਆਂ ਬੇੜੀਆਂ ਵਾਂਗ ਦਿਨ ਤੇ ਰਾਤ ਵਾਰੋ ਵਾਰੀ ਇਸ ਵਿਚ ਠਿੱਲ੍ਹ ਪੈਂਦੇ ਤੇ ਮੁੜ ਆਉਂਦੇ। ਮੌਸਮ ਬਦਲ ਗਿਆ ਸੀ। ਹਰ ਦੂਏ ਤੀਏ ਜ਼ੋਰਦਾਰ ਬਾਰਸ਼ ਹੋ ਜਾਂਦੀ ਸਭ ਰਸਤੇ ਡਕੋਡੋਲ ਹੋ ਜਾਂਦੇ। ਇਕ ਡੰਡੀ ਜਹੀ ਪਰ੍ਹਾਂ ਦੀ ਮੁਸਲਮਾਨਾਂ ਦੀਆਂ ਕਬਰਾਂ ਚੋਂ ਲੰਘਦੀ ਸੀ। ਪੜ੍ਹਨ ਆਉਂਦਿਆਂ ਨਿੱਤ ਹੀ ਕੋਈ ਨਾ ਕੋਈ ਕਬਰ ਨਿੱਘਰੀ ਪਈ ਹੁੰਦੀ ਤੇ ਅਸੀਂ ਸਾਰੀਆਂ ਉਸ ਵਲ ਵੇਖਦੀਆਂ ਗੁਜ਼ਰ ਜਾਂਦੀਆਂ — ਚੁੱਪ ਚਾਪ ਬੋਲਦੀਆਂ ਵੀ ਕੀ। ਉਸ ਉਮਰੇ ਮੌਤ ਬਾਰੇ ਥੋੜੇ ਸੋਚਿਆ ਜਾਂਦਾ ਹੈ।

੬

ਕਪਤਾਨ ਵੀਰ ਛੁੱਟੀ ਆਇਆ ਤਾਂ ਮੈਨੂੰ ਪਛਾਣੇ ਹੀ ਨਾ। ਅਖੇ 'ਤੇਰਾ ਕੱਦ ਦਿਨਾਂ 'ਚ ਕਿੰਨਾ ਵਧ ਗਿਆ ਏ? ਅਜੇ ਦੋ ਮਹੀਨਿਆਂ ਦੀ ਤਾਂ ਗੱਲ ਐ ਤੇਰੇ ਮੂੰਹ 'ਚ ਜਮਾ ਈ ਬੋਲ ਨੀ ਸੀ ਅਜ ਕੇਰਾਂ ਈ ਬੁਰਜ ਆਲੇ ਕਾਮਰੇਡ ਆਂਗੂ ਲੈਕਚਰ ਝਾੜੀ ਜਾਨੀ ਐਂ। ਕਿਤੇ ਗੇੜਾ ਤਾਂ ਨੀ ਮਾਰ ਗਿਆ ਕਾਲਜ? ਨਿੱਕੇ ਹੁੰਦੇ ਅਸੀਂ ਵੀ ਉਹਦੀਆਂ ਗੱਲਾਂ 'ਚ ਆ ਗਏ ਸੀ। ਸਿਖਾਂ ਦਾ ਤਾਰਾ ਉਹੀ ਨੋਸ਼ਾ ਫੁਲਾਈ ਫਿਰੇ ਅਖੇ ਬਠਿੰਡੇ ਚਲਣਾ ਕਾਨਫਰੰਸ ਤੇ। ਮਖਿਆ ਕਿਉਂ ਆਹ ਪਾਈਆਂ ਹੱਡੀਆਂ ਨਾਲ ਵੈਰ

ਕਮਾਉਨੈ !...'

ਖੈਰ ! ਇਕ ਦਿਨ ਵੀਰੇ ਨੂੰ ਕਾਲਜ ਲੈ ਗਈ। ਸ਼ਹੀਦ ਸਰਾਭੇ ਦੀ ਬਰਸੀ ਸੀ। ਕਿਸੇ ਨੇ ਮੇਰੀ ਗਜ਼ਲ ਦੀ ਫਰਮਾਇਸ਼ ਨਾ ਕੀਤੀ।

ਛੀਟਕਾ ਜਿਹਾ ਅੰਕਾਰ ਸਟੇਜ ਤੇ ਲਹਿਰਾ ਰਿਹਾ ਸੀ। ਖੱਬੀ ਗਲ੍ਹ ਤੇ ਅੱਖ ਤੋਂ ਪੌਣੀ ਕੁ ਇੰਚ ਤੇ ਇਕ ਫੋਆ ਜਿਹਾ ਟਿਮਟਿਮਾ ਰਿਹਾ ਸੀ — ਬਚਪਨ 'ਚ ਖਾਧੀ ਸੱਟ ਦਾ ਨਿਸ਼ਾਨ —

ਉਸ ਦੇ ਪਿੰਡ ਚੌਕੀ ਲੱਗੀ ਹੋਈ ਸੀ। ਪੁਲਸੀਏ ਡਾਕੂਆਂ ਵਾਂਗ ਭੂਤਰੇ ਫਿਰਦੇ। ਪਿਛਲਾ ਦਾਣਾ ਫੱਕਾ ਚੌਕੀ ਹਜ਼ਮ ਕਰ ਗਈ ਸੀ ਤੇ ਆਉਣਵਾਲੀ ਫਸਲ ਘੋੜਿਆਂ ਨੇ ਗੁਨ੍ਹ ਸੁੱਟੀ ਸੀ। ਪਿੰਡ ਵਾਲਿਆਂ ਮਹਿਸੂਸ ਕੀਤਾ ਕਿ ਚੌਕੀ ਦਾ ਖਰਚ ਹੋਰ ਬਰਦਾਸ਼ਤ ਨਹੀਂ ਹੋ ਸਕਣਾ। ਇਕੱਠ ਕਰ ਕੇ ਥਾਣੇ ਗਏ, ਪਰ ਕੌਣ ਪੁਛਦਾ ਹੈ। ਉਹਨਾਂ ਮੁਜ਼ਾਹਰਾ ਕੀਤਾ ਕੁਝ ਲੋਕੀਂ ਬਾਹਰੋਂ ਵੀ ਆਏ। ਫਿਰ ਉਹੋ ਹੋਇਆ ਜੋ ਹੋਇਆ ਕਰਦਾ ਹੈ ਇਥੇ। ਨਿਸ਼ਾਨਾ ਤਿੰਨ ਬੰਦਿਆਂ ਤੇ ਠੀਕ ਬੈਠ ਗਿਆ ਸੀ ਜਿਹਨਾਂ ਚੋਂ ਇਕ ਉਸ ਦਾ ਬਾਪ ਸੀ ਜੋ ਆਪਣੀ ਜੂਹ 'ਚ ਹੀ ਸਿਰ-ਫੇਹੀ ਸੁੰਡੀ ਵਾਂਗ ਛਟਪਟਾ ਰਿਹਾ ਸੀ। ਦੌੜਦਾ ਦੌੜਦਾ ਉਹ ਆਪਣੇ ਬਾਪ ਪਾਸ ਗਿਆ ਤਾਂ 'ਸ਼ਾਂ...' ਕਰਦਾ ਇਕ ਬੈਂਡੱਬਾ ਜਿਹਾ ਰੋੜਾ ਪਤਾ ਨਹੀਂ ਕਿਧਰੋਂ ਆਇਆ, ਸ਼ਾਇਦ ਕਿਸੇ ਪਿੰਡ ਵਾਲੇ ਨੇ ਪੁਲਸੀਏ ਦੇ ਮਾਰਿਆ ਹੋਵੇ। ਅੱਖ ਤਾਂ ਬਚ ਗਈ ਸੀ ਪਰ ਖੱਬੀ ਗਲ੍ਹ ਤੇ ਨਿਸ਼ਾਨ ਹੁਣ ਵੀ ਪਿਆ ਹੱਸਦਾ ਸੀ।

ਅਜ ਪਹਿਲੀ ਵਾਰ ਉਸ ਨੂੰ ਗਾਉਂਦਿਆਂ ਸੁਣਿਆ —

ਮੰਨਿਆ ਕਿ ਵਕਤ ਦੀ ਵੀ ਆਪਣੀ ਰਫਤਾਰ ਹੈ
ਮੰਜ਼ਿਲ ਨੂੰ ਪਰ ਅਸਾਡੀ ਤੋਰ ਤੇ ਇਤਬਾਰ ਹੈ

ਇਕ ਗੀਤ ਮੁਕਦਾ ਤਾਂ ਅਗਲੋਂ ਹੋਰ ਲਈ ਜ਼ਿੱਦ ਕਰਦੇ। ਇਕ ਗੀਤ ਉਸ ਦੇਸ਼ ਪਿਆਰ ਬਾਰੇ ਵੀ ਸੀ ਜੋ ਸ਼ਰਾਬ ਵਾਂਗ ਪਿਲਾ ਕੇ ਅਸਾਨੂੰ ਕਿਹਾ ਜਾਂਦਾ ਹੈ। ਤੁਸੀਂ ਪ੍ਰਿਥਵੀ ਰਾਜ ਚੌਹਾਨ ਹੋ ਤੇ ਸਾਹਮਣੇ ਬੈਠੇ ਸਭ ਮੁਹੰਮਦ ਗੌਰੀ ਹਨ।

ਨਿਗ੍ਹਾ ਅਸਾਡੀ ਉਥੇ ਪਹੁੰਚ ਨਹੀਂ ਸਕਦੀ, ਪਰ ਬਾਰੂਦ ਤਾਂ ਪਹੁੰਚ ਹੀ ਜਾਂਦਾ ਹੈ ਇਹ ਖੇਡ ਬਹੁਤ ਪੁਰਾਣੀ ਹੈ। ਪਦਾਰਥਵਾਦ ਦਾ ਜ਼ਮਾਨਾ ਹੈ ਇਸੇ ਲਈ ਅਸੀਂ ਜੀਭਾਂ ਤੇ ਲਿਖਵਾਈ ਫਿਰਦੇ ਹਾਂ ਮੈਂ ਵੀਹ ਮੁਹੰਮਦ ਗੌਰੀ ਪਾਰ ਬੁਲਾਏ ਹਨ। ਇਸ ਲਈ ਮੇਰੇ ਅੰਦਰ ਦੋ ਸੌ ਹੈਕਟਾਲੀਟਰ ਦੇਸ਼ ਪਿਆਰ ਹੈ। ਰਾਜਧਾਨੀ 'ਚ ਬੈਠੀ ਸਿਆਸਤ ਹਿਸਾਬ ਲਾਉਂਦੀ ਹੈ, ਖਿਡੌਣੇ ਵੰਡਦੀ ਹੈ ਤੇ ਕਹਿੰਦੀ ਹੈ, ਉਂਜ ਜੇ ਤੂੰ ਥੋੜਾ ਜਿਹਾ ਉਪਾਅ ਹੋਰ ਕੀਤਾ ਹੁੰਦਾ ਤਾਂ ਮੈਂ ਕਿਹੜਾ ਤੇਰਾ ਹੱਕ ਰੱਖ ਦੇਣਾ ਸੀ...

ਕਪਤਾਨ ਵੀਰੇ ਨੇ ਹੌਲੀ ਜਿਹੀ ਪੁਛਿਆ, 'ਕੌਣ ਐ ਇਹ ਮੁੰਡਾ ਭਲਾ ? ਬੜਾ ਤੇਜ਼ ਲਗਦੈ। ਇਹਨੂੰ ਪੁਛੋ ਬਈ ਲੜੀਏ ਨਾ ਤਾਂ ਕੀ ਕਰੀਏ ! ਸੁੱਲਿਆ ਮੂਹਰੇ ਵਿਛਜੀਏ ! ਓਧਰ ਚੀਨੀ ਬੰਨੇ ਅੱਡ ਭੂਤਰੇ ਫਿਰਦੇ ਨੇ। ਚੂਹੇ ਖਾਣੀ ਕੌਮ ਨੇ ਤਾਂ ਸਾਹ ਲੈਣ ਨੂੰ ਹਵਾ ਨੀ ਛੱਡਣੀ। ਪਤੈ ਕਿੰਨੇ ਕਾਲ ਪੈਂਦੇ ਨੇ ਓਥੇ ? ਭੁਖੜ ਹੋੜ੍ਹ। ਦਰਖਤਾਂ ਦੇ ਸੱਕ ਵੀ ਲਾਹ ਕੇ ਚੱਖ ਜਾਂਦੇ ਨੇ। ਐਥੇ ਮਾਰ ਦਿੰਦੇ ਐ ਗੱਲਾਂ ਪੜ੍ਹ ਕੇ ਦੋ ਗੁਟਕੀਆਂ...'

ਵੀਰਾ ਸਾਰੇ ਦਾ ਸਾਰਾ ਉਬਲਦਾ ਪਿਆ ਸੀ। ਰਸਤੇ 'ਚ ਕੁਝ ਨਹੀਂ ਬੋਲਿਆ। ਘਰ ਆ ਕੇ ਮੰਜੇ ਤੇ ਖਾਮੋਸ਼ ਪਿਆ ਰਿਹਾ। ਸ਼ਾਮ ਨੂੰ ਰੱਜ ਦਾ ਅਧੀਆ ਪੀ ਕੇ ਰੋਟੀ ਖਾਣ ਬੈਠਾ ਤਾਂ ਪੁੱਛਣ ਲੱਗਾ, ਊਂ ਇਹ ਮੁੰਡਾ ਹੈ ਕੌਣ, ਕੋਈ ਨਾਂ ਪਤਾ ?

— ਸੁਰਿੰਦਰ ! ਮੋਗੇ ਤੋਂ ਆਇਐ ਅਜੇ ਪਿਛਲੇ ਮਹੀਨੇ ਈ। ਹਮੇਸ਼ਾ ਈ ਅਜਿਹੀਆਂ ਗੱਲਾਂ ਕਰਦੈ —

'ਊਂ ਸਹੁਰਾ ਹੈ ਤਾਂ ਸੱਚਾ ! ਹੁਣ ਮਸਾਂ ਮਾਂ ਪਿਉ ਨੇ ਤਨ ਮਨ ਗਹਿਣੇ ਰੱਖ ਕੇ ਐਥੇ ਤੱਕ ਅਪੜਾਇਐ, ਰੱਬ ਨਾ ਕਰੇ ਕੱਲ੍ਹ ਨੂੰ ਜੰਗ ਲਗ ਜੇ। ਉਥੇ ਗਏ ਬੰਦੇ ਦਾ ਕੀ ਭਰੋਸਾ ! ਪਿਛਲੀ ਵਾਰ ਜਦ ਸਾਡੇ ਨਾਲ ਦੇ ਟੈਂਕ ਨੂੰ ਗੋਲਾ ਲੱਗਿਆ ਤਾਂ ਗੁਆਰੇ ਆਲੇ ਜੀਤ ਨੇ ਬਿਜਲੀ ਆਗੂ ਬਾਹਰ ਛਾਲ ਮਾਰੀ ਤੇ ਅੱਗ ਦੀਆਂ ਕਣੀਆਂ ਝਾੜਦਾ ਝਾੜਦਾ ਜਦ ਪਿਛਾਂਹ ਨੂੰ ਦੌੜਿਆ ਤਾਂ ਦਸਾਂ ਕਦਮਾਂ ਤੇ ਈ ਢੇਰੀ ਹੋ ਗਿਆ।... ਹਾਂ ਸੁੱਖੀ ਇਕ ਗੱਲ ਮੈਂ ਕਾਫੀ ਦੇਰ ਤੋਂ ਕਰਨੀ ਚਾਹੁਨਾਂ ਤੇਰੇ ਨਾਲ। ਮੈਂ ਆਪਣੇ ਫਰਜ਼ ਤੋਂ ਸੁਰਖਰੂ ਹੋਣਾ ਚਾਹੁਨਾ। ਛੇਤੀ ਤੋਂ ਛੇਤੀ ਤੇਰੇ ਵਾਸਤੇ...

—ਵੀ...ਰੇ !

'ਹਾਂ ਸੁੱਖੀ ! ਮੈਂ ਠੀਕ ਕਹਿ ਰਿਹਾਂ ਕੋਈ ਚੰਗਾ ਜਿਆ ਮੁੰਡਾ ਹੋਵੇ, ਜੀਹਨੂੰ ਮੈਂ ਆਪਣੀ ਸੁੱਖੀ ਸੰਭਾਲ ਸਕਾਂ। ਤੂੰ ਮੇਰੀ ਸਿਰਫ ਭੈਣ ਈ ਨੀ, ਮੇਰੀ ਬੱਚੀ ਐਂ ਸੁੱਖੀ ! ਤੇਰੀ ਕੋਈ ਪਸੰਦ ਹੋਵੇ ਤਾਂ...'

— ਊਂ...ਸੰਗ ਤੇ ਨੀ ਆਉਂਦੀ। ਜਾ ਮੈਂ ਨੀ ਬੋਲਦੀ—

ਸਭ ਸੌਂ ਗਏ ਸਨ। ਰਾਤ ਕਿਸੇ ਬੈਰਾਗਣ ਵਾਂਗ ਬਿੱਟ ਬਿੱਟ ਤੱਕ ਰਹੀ ਸੀ। ਖੇਤਾਂ 'ਚ ਡੀਜ਼ਲ ਇੰਜਨ

ਬੁੱਕ ਰਹੇ ਸਨ। ਪਲਕਾਂ ਨੂੰ ਬੰਦ ਕਰਕੇ ਮੈਂ ਮਨ ਇਕਾਗਰ ਕਰਦੀ, ਪਰ ਕਿਸੇ ਦੇ ਨਕਸ਼ ਸਨ ਕਿ ਪਕੜ ਵਿਚ ਨਹੀਂ ਸਨ ਆਉਂਦੇ। ਧੁੰਧਲਾ ਜਿਹਾ ਚਿੱਤਰ ਬਣਦਾ, ਪਰ ਟੁਟਦੇ ਤਾਰਿਆਂ ਵਾਂਗ ਛੁਟਕ ਜਾਂਦਾ ਤੇ ਪਿਛੇ ਛੱਡ ਜਾਂਦਾ ਆਪਣੇ ਸਫ਼ਰ ਦੀ ਰੂਪ ਰੇਖਾ ਜਿਵੇਂ ਜਬਰੀ ਚੁੱਕੀਆਂ ਰਾਜਕੁਮਾਰੀਆਂ ਰਥਾਂ ਚੋਂ ਸਰ੍ਹੋਂ ਦੇ ਦਾਣੇ ਬਖੇਰਦੀਆਂ ਜਾਂਦੀਆਂ ਸਨ। ਫਿਰ ਸਾਰਾ ਤਾਣ ਲਾ ਸੋਚ ਇਕਾਗਰ ਕਰਦੀ, ਪਰ ਨਹੀਂ। ਕਿਸੇ ਦੇ ਨਕਸ਼ ਸਨ ਕਿ ਮੱਛੀਆਂ ਵਾਂਗ ਤਿਲਕ ਜਾਂਦੇ ਸਨ। ਤੇ ਇੰਜ ਹੀ ਤੁਪਕਾ ਤੁਪਕਾ ਰਾਤ ਰਿਸਦੀ ਰਹੀ।

7

ਅਗਲੀ ਸਵੇਰ ਕਾਲਜ ਗਈ ਤਾਂ ਉਹ ਕਿਧਰੇ ਨਜ਼ਰ ਨਹੀਂ ਆਇਆ। ਅਗਲੇ ਦਿਨ, ਉਸ ਤੋਂ ਅਗਲੇ। ਹਫਤੇ ਬਾਅਦ ਜਾ ਕੇ ਕਿਤੇ ਉਸ ਨੂੰ ਵੇਖਿਆ। ਮੇਰੇ ਬੋਲਣ ਤੋਂ ਪਹਿਲਾਂ ਹੀ ਉਸ ਨੇ ਇਕ ਕਿਤਾਬ ਮੇਰੇ ਹੱਥਾਂ 'ਚ ਥਮ੍ਹਾ ਦਿਤੀ। ਉਸ ਦੀਆਂ ਕਵਿਤਾਵਾਂ ਦਾ ਸੰਗ੍ਰਹਿ ਸੀ। ਸ਼ਾਇਦ ਜਲਦੀ ਸੀ ਉਸ ਨੂੰ। ਤੁਰਨ ਲੱਗਾ।

—ਇਕ ਮਿੰਟ ਸੁਨਣਾ ਜ਼ਰਾ। ਘਰ ਆ ਸਕੋਗੇ? ਕੁਝ ਗੱਲਾਂ ਸਨ—

ਇਕ ਦਮ ਹੀ ਉਸ ਦਾ ਚਿਹਰਾ ਸਮੁੰਦਰ ਵਰਗਾ ਹੋ ਗਿਆ, 'ਗੱਲਾਂ ਤਾਂ ਬਹੁਤ ਸਨ ਕਰਨ ਵਾਲੀਆਂ, ਪਰ ਜੇ ਸਮਾਂ ਮਿਲ ਸਕਦਾ। ਮੈਂ ਬਹੁਤ ਦੂਰ ਜਾ ਰਿਹਾ ਹਾਂ ਸ਼ਾਇਦ ਕਦੀ ਮੁੜ ਵੀ ਆਵਾਂ। ਮੇਰਾ ਮਤਲਬ ਇੰਤਜ਼ਾ.. ਰ।'

—ਪਰ ਵੀਰੇ ਨੇ ਤਾਂ ਅੱਜ ਈ ਬੁਲਾਇਆ ਏ—

'ਹਾਂ ਹਾਂ ਜ਼ਰੂਰ, ਜੇ ਸਮਾਂ ਮਿਲ ਸਕਿਆ।'

ਤੇ ਮੁੜ ਮੁੜ ਵੇਖਦਾ, ਰੁਕਦਾ ਰੁਕਦਾ, ਮੁੜਦਾ ਮੁੜਦਾ ਉਹ ਚਲਾ ਗਿਆ, ਜਿਵੇਂ ਹੱਥ ਚੋਂ ਛੁੱਟਿਆ ਰੁਮਾਲ ਦਸਾਂ ਕਦਮਾਂ ਤੇ ਜਾ ਗਿਰਦਾ ਹੈ। ਚੁਕਣ ਲਈ ਦੌੜਦੇ ਹਾਂ, ਪਰ ਹਨੇਰੀ ਉਸ ਨੂੰ ਉਡਾ ਕੇ ਹੋਰ ਅੱਗੇ ਲੈ ਜਾਂਦੀ ਹੈ—ਪਰਲੇ ਪਾਰ—ਜਿਥੇ ਉਹ ਬਾਂਸਾਂ ਦੇ ਜੰਗਲ 'ਚ ਜਾ ਕੇ ਅਟਕ ਜਾਂਦਾ ਹੈ—ਉਕਾ ਈ ਬੇਖਬਰ ਕਿ ਹਨੇਰੀਆਂ 'ਚ ਬਾਂਸਾਂ ਦਾ ਜੰਗਲ ਭੜਕ ਵੀ ਉਠਦਾ ਹੈ।

8

ਵੀਰੇ ਪਾਸ ਮੈਂ ਗੱਲ ਕੀਤੀ, ਪਰ ਉਸ ਨੇ ਪਹਿਲਾਂ ਹੀ ਸੁਣ ਲਿਆ ਸੀ ਕਿਧਰੋਂ। ਦੂਰ ਕਿਸੇ ਸੂਬੇ 'ਚ ਵਾਹੀਕਾਰਾਂ ਨੇ ਆਪਣੇ ਹਿੱਸੇ ਦੀ ਧਰਤ ਮੁਕਤ ਕਰਾਉਣ ਲਈ ਹਥਿਆਰਬੰਦ ਵਿਦਰੋਹ ਕਰ ਦਿਤਾ ਸੀ। ਸਾਰੀ ਸਰਕਾਰੀ ਮਸ਼ੀਨਰੀ 'ਚ ਖਲਬਲੀ ਮੱਚ ਗਈ ਸੀ, ਜਿਵੇਂ ਕਿਸੇ ਖਰੂਦੀ ਜਵਾਕ ਨੇ ਸ਼ਹਿਦ ਦੇ ਛੱਤੇ ਤੇ ਰੋੜਾ ਕੱਢ ਮਾਰਿਆ ਹੋਵੇ। ਪਿੰਡਾਂ ਚੋਂ, ਸਕੂਲਾਂ ਕਾਲਜਾਂ ਚੋਂ, ਫੈਕਟਰੀਆਂ ਚੋਂ, ਦਫਤਰਾਂ ਚੋਂ ਧੜਾਧੜ ਗ੍ਰਿਫਤਾਰੀਆਂ ਕੀਤੀਆਂ ਜਾ ਰਹੀਆਂ ਸਨ। ਕਈ ਥਾਵਾਂ ਤੇ ਪੁਲਸ ਨਾਲ ਟੱਕਰ ਵੀ ਹੋਈ ਸੀ। ਦੋਵਾਂ ਧਿਰਾਂ ਦੀ ਸੰਖਿਆ ਸੁੰਗੜ ਰਹੀ ਸੀ, ਪਰ ਸਿਰੜ ਸਾਵਾਂ ਸੀ। ਵਿਲਕਦੀਆਂ ਖਬਰਾਂ ਨਾਲ ਲਟ ਲਟ ਬਲਦੀਆਂ ਅਖਬਾਰਾਂ ਆਉਂਦੀਆਂ। ਬਜ਼ੁਰਗ ਕਹਿੰਦੇ, 'ਮੁੰਡਿਆਂ ਤੋਂ ਥੋੜੀ ਜੀ ਛੇਤੀ ਹੋਗੀ। ਅਗੇਤੇ ਚੱਲਪੇ। ਉਂ ਛੱਪਰ ਤਾਂ ਬੰਨ੍ਹਿਆ ਈ ਪਿਆ ਸੀ, ਚੁੱਕ ਕੇ ਪਰ੍ਹਾਂ ਕਰਨ ਦੀ ਈ ਗੱਲ ਸੀ। ਉਹ ਜਾਣੇ ਸਮਝ ਜਾਣਗੇ..।' ਚੋਬਰ ਕਹਿੰਦੇ, 'ਸਬਰ ਦੀ ਵੀ ਕੋਈ ਹੱਦ ਹੁੰਦੀ ਐ। ਕਿੰਨਾ ਕੁ ਚਿਰ ਗਲੀਂ ਪੰਜਾਲੀਆਂ ਪਾਈ ਪੈੜਾਂ 'ਚ ਘੁੰਮਦੇ ਰਹਿੰਦੇ? ਟੱਬਰਾਂ ਦੇ ਟੱਬਰ ਖਪਗੇ ਏਥੇ। ਇਹਨਾਂ ਨੂੰ ਤਾਂ ਸਾਡਾ ਮਿੱਟੀ ਨਾਲ ਰਿਸ਼ਤਾ ਮਨਜ਼ੂਰ ਈ ਨੀ ਹੋਣਾ..।'

ਕਿੰਨੀ ਬਦਲ ਗਈ ਸੀ ਵਕਤ ਦੀ ਤੋਰ। ਸਹਿਕੀ ਚਿੜੀ ਵਾਂਗ ਧੜਕਦੇ ਸਨ ਘੜੀਆਂ ਤੇ ਕਲਾਕ। ਕੈਲੰਡਰਾਂ ਤੇ ਧੂੜ ਜੰਮ ਗਈ ਸੀ। ਸਭ ਰੋਹੀਆਂ, ਬੰਨੇ ਲੱਥ ਪਥ ਸਨ, ਜਿਵੇਂ ਬੱਚਿਆਂ ਦੀਆਂ ਕਾਪੀਆਂ ਤੇ ਡੁਲ੍ਹੀ ਸੁਰਖ ਸਿਆਹੀ। ਪੌਣਾਂ 'ਚ ਜਿਵੇਂ ਹਾੜ ਬੋਲਦੇ ਸਨ। ਹਰ ਪਾਸੇ ਖਾਕੀ ਰੰਗ ਪਸਰ ਗਿਆ ਸੀ। ਦੂਰ ਤੋਂ ਹਰ ਪੁਲਸੀਆ ਡਾਕੀਆ ਲਗਣਾ, ਤੇ ਮੈਂ ਇਕ ਖਤ ਉਡੀਕਦੀ ਰਹੀ—ਹਰ ਰੋਜ਼।

ਆਖਰ ਛੇ ਮਹੀਨੇ ਬਾਅਦ ਖਤ ਆਇਆ। ਪਰ ਇਹ ਤਾਂ ਵੀਰੇ ਦਾ ਸੀ। ਉਹ ਅਗਲੇ ਹਫਤੇ ਛੁਟੀ ਆ ਰਿਹਾ ਸੀ ਆਪਣਾ ਫਰਜ਼ ਪੂਰਾ ਕਰਨ। ਉਹ ਜਾਣਦਾ ਸੀ ਮੈਨੂੰ ਇਹ ਮਨਜ਼ੂਰ ਨਹੀਂ ਹੋਵੇਗਾ ਪਰ, ਆਖਰ ਮੈਂ ਉਸ ਦੀ ਭੈਣ ਸਾਂ—ਮਾਂ ਜਾਈ।

ਮੈਂ ਲੱਖ ਵਾਸਤੇ ਪਾਏ। ਉਹਦੇ ਬਾਰੇ ਵੀ ਦੱਸਿਆ। ਪਰ ਵੀਰਾ ਇਕੋ ਰਟ ਲਾ ਰਿਹਾ ਸੀ, 'ਹਾਲਾਤ ਬਹੁਤ ਨਾਜ਼ਕ ਨੇ। ਸਰਕਾਰ ਨੇ ਬਹੁਤ ਸਖਤੀ ਕਰ ਦਿਤੀ ਐ। ਭਲਾ ਤੂੰ ਕਦੋਂ ਤਕ ਬੈਠੀ ਰਹੇਂਗੀ ਏਸ ਤਰ੍ਹਾਂ? ਛੇ ਮਹੀਨਿਆਂ ਤੋਂ ਤੇਨੂੰ ਉਹਦਾ ਕੋਈ ਖਤ ਨਹੀਂ ਆਇਆ। ਆਇਆ ਵੀ ਤਾਂ ਸੁੱਖ ਦਾ ਥੋੜੇ ਈ ਹੋਊ। ਸਰਕਾਰ ਦੀਆਂ ਨਜ਼ਰਾਂ 'ਚ ਉਹ ਸਾਰੀ ਉਮਰ ਦੋਸ਼ੀ ਰਹੇਗਾ।

ਤੂੰ ਉਹਦੇ ਨਾਲ ਕਦੀ ਸੁਖੀ ਨਹੀਂ ਰਹਿ ਸਕੇਂਗੀ ਸੁਖੀ।

ਮੇਰੇ ਤਰਲਿਆਂ ਦਾ ਵੀਰੇ ਤੇ ਕੋਈ ਅਸਰ ਨਾ ਪਿਆ। ਤੇ ਮੈਂ ਝੁਕ ਗਈ, ਉਸ ਦੇ ਫੈਸਲੇ ਅਗੇ। ਉਹ ਮੇਰਾ ਵੱਡਾ ਭਰਾ ਜੋ ਸੀ, ਮੇਰਾ ਪਿਤਾ, ਮੇਰਾ ਪਾਲਣਹਾਰ। ਤੇ ਨਾਲੇ ਉਦੋਂ ਮੈਂ ਹੁਣ ਵਾਲੀ ਸੁਖੀ ਥੋੜੇ ਈ ਸਾਂ, ਧਰਤ ਦੇ ਹੌਕੇ ਦੀ ਹਾਨਣ। ਕੁਝ ਸੱਠੀ ਦੇ ਹੁਣ ਤਕ ਖਤ ਨਾ ਲਿਖਣ ਤੇ ਵੀ ਸ਼ਿਕਵਾ ਸੀ। ਉਂਜ ਉਸ ਨੇ ਖਤ ਲਿਖਣ ਦਾ ਵਾਅਦਾ ਵੀ ਕਦੋਂ ਕੀਤਾ ਸੀ। ਸਿਰਫ਼ ਇੰਤਜ਼ਾਰ ਲਈ ਹੀ ਕਿਹਾ ਸੀ ਨਾ, ਪਰ ਕਦੋਂ ਤਕ? ਕਦੀ ਸੋਚਦੀ ਮੈਂ ਉਸ ਦੀ ਲੱਗਦੀ ਵੀ ਕੀ ਹਾਂ? ਕੀ ਥਾਂ ਹੈ ਮੇਰੀ ਉਸ ਦੀ ਜ਼ਿੰਦਗੀ 'ਚ? ਜਿਹੜਾ ਜਾਣ ਤੋਂ ਪਹਿਲਾਂ ਦੋ ਪਲ ਮੇਰੀ ਗੱਲ ਵੀ ਨਾ ਸੁਣ ਸਕਿਆ ਉਸ ਦਾ ਇੰਤਜ਼ਾਰ ਕਰਾਂਗੀ? ਕਦੀ ਲੱਗਦਾ ਮੈਂ ਤਾਂ ਪਹਿਲਾਂ ਹੀ ਉਸ ਦੇ ਪੈਰ ਵਰਗੀ ਨਹੀਂ ਸਾਂ। ਹੁਣ ਤਾਂ ਜੇ ਮੁੜਿਆ ਵੀ ਤਾਂ ਉਸ ਦਾ ਕੱਦ ਬੱਦਲਾਂ ਤੋਂ ਵੀ ਉੱਚਾ ਹੋਵੇਗਾ। ਉਸ ਦੇ ਕਦਮ ਨਾਲ ਕਦਮ ਮਿਲਾ ਕੇ, ਚਲਣ ਦਾ ਯਤਨ ਕਰਾਂਗੀ ਤਾਂ ਮੂੰਹ ਭਾਰ ਡਿੱਗਾਂਗੀ, ਨਾਲ ਉਸ ਨੂੰ ਵੀ ਲੈ ਡਿੱਗਾਂਗੀ। ਨਾਲੇ ਉਸ ਨੇ ਅੰਬਰਾਂ ਨੂੰ ਹਲੂਣਾ ਦੇਕੇ ਰੋਸ਼ਨੀ ਝਾੜਨ ਦੇ ਤੇ ਧਰਤ ਤੋਂ ਕਾਲਖਾਂ ਛੰਡਣ ਲਈ ਜੋਗ ਧਾਰਿਆ ਏ, ਮੈਂ ਉਸ ਨੂੰ ਭੰਗ ਕਰ ਕੇ ਪਾਪਾਂ ਦੀ ਭਾਗੀ ਕਾਹਨੂੰ ਬਣਨਾ ਏ —

9

ਤੇ ਇਸੇ ਲਈ ਮੈਂ ਝੁਕ ਗਈ ਵੀਰੇ ਦੇ ਫੈਸਲੇ ਅਗੇ। ਦਿਨਾਂ 'ਚ ਹੀ ਰਸਮਾਂ ਪੂਰੀਆਂ ਹੋ ਗਈਆਂ। ਪਾਲ, ਮੇਰਾ ਪਤੀ, ਵੀਰੇ ਦੇ ਕਿਸੇ ਦੋਸਤ ਦੇ ਪਿੰਡ ਦਾ ਸਰਪੰਚ ਸੀ। ਬੀ.ਏ. ਪਾਸ। ਕਲਮਕੱਲਾ। ਮਾਂ ਬਾਪ ਗੁਜ਼ਰ ਚੁਕੇ ਸਨ। ਸਿਰਫ਼ ਇਕੋ ਭੈਣ ਸੀ ਜੋ ਦੂਰ ਕਿਸੇ ਪਿੰਡ ਵਿਆਹੀ ਹੋਈ ਸੀ। ਪਿੰਡ ਕੁਝ ਲਾਗਡਾਟ ਹੋਣ ਕਾਰਣ ਉਹ ਆਪਣੇ ਭਾਣਜੇ ਜਗਤਾਰ ਨੂੰ ਆਪਣੇ ਪਾਸ ਰਖਦਾ ਸੀ।

ਪਾਲ ਏਨਾ ਬੁਰਾ ਨਹੀਂ ਸੀ। ਕਾਫ਼ੀ ਕਦਰ ਕਰਦਾ ਸੀ ਮੇਰੀ। ਸੱਚ ਕਹਾਂ ਤਾਂ ਮੈਨੂੰ ਵੀ ਇਕ ਹਮਦਰਦੀ ਜਹੀ, ਅਪਣੱਤ ਜਹੀ ਹੋ ਗਈ ਸੀ ਉਸ ਨਾਲ। ਘੱਟੋ ਘਟ ਨਫ਼ਰਤ ਨਹੀਂ ਸੀ। ਘਰ 'ਚ ਕੋਈ ਔਰਤ ਨਹੀਂ ਸੀ ਇਸ ਲਈ ਜੀ ਕਰਦਾ ਪਾਲ ਨੂੰ ਕਹਾਂ — ਹਰ ਰੋਜ਼ ਸ਼ਹਿਰ ਜਾਣ 'ਚ ਵੀ ਕੀ ਰੱਖਿਆ ਸੀ ਇਕੋ ਦਿਨ ਸਾਰੇ ਕੰਮ ਮੁਕਾ ਦਿਤੇ ਜਾਣ 'ਚ ਵੀ ਕੀ ਰਖਿਆ ਸੀ। ਇਕੋ ਦਿਨ ਸਾਰੇ ਕੰਮ ਮੁਕਾ ਦਿਤੇ ਜਾਣ ਤੇ ਬਾਕੀ ਦਿਨ ਮੇਰੇ ਨਾਲ ਗੁਜ਼ਾਰੇ ਜਾਣ —

ਪਰ ਕੰਮ ਸਨ ਕਿ ਮੁਕਦੇ ਈ ਨਹੀਂ ਸਨ। ਨਿੱਤ ਹੀ ਕਿਸੇ ਨਾ ਕਿਸੇ ਦੀ ਤਾਰੀਖ ਪਈ ਰਹਿੰਦੀ। ਹਨੇਰਾ ਹੋਇਆ ਪਾਲ ਮੁੜਦਾ ਤਾਂ ਤਾਰੀਖਾਂ ਵਾਲੇ ਬਾਹਰਲੀ ਬੈਠਕ 'ਚ ਸੁਗਾਤ ਲੈ ਆ ਵੱਜਦੇ। ਸ਼ਰਾਬ ਉਡਦੀ ਰਹਿੰਦੀ। ਅੱਧੀ ਅੱਧੀ ਰਾਤ ਤਕ ਖਰੂਦ ਪੈਂਦਾ ਰਹਿੰਦਾ।

ਕਰਤਾਰਾ, ਪਾਲ ਦਾ ਦੋਸਤ ਗੱਲੀਂ ਗੱਲੀਂ ਪੱਜ ਬਣਾ ਚੌਂਕੇ ਵਲ ਗੇੜਾ ਮਾਰਦਾ — ਕਦੀ ਪਾਣੀ ਲੈਣ, ਕਦੀ ਸਲੂਣਾ — ਐਵੇਂ ਨਿੱਕ-ਸੁੱਕ। ਝਾਕਣੀ ਉਹਦੀ ਮੈਨੂੰ ਪਹਿਲੇ ਦਿਨ ਤੋਂ ਈ ਟੇਢੀ ਲਗਦੀ। ਇਕ ਦਿਨ ਵੱਡਾ ਹਮਦਰਦ ਆ ਕੇ ਕਹਿਣ ਲੱਗਾ, 'ਭਾਬੀ ਉਂ ਤੇਰੀ ਵੀ ਜੂਨ ਵਰਾਨ ਈ ਹੋਗੀ ਐਥੇ ਆ ਕੇ। ਨਿੱਤ ਦਾ ਕੰਜਰਖਾਨਾ। ਉਤੋਂ ਆਹ ਵੇਲਾ ਹੋ ਗਿਆ ਤੇ ਅਜੇ ਮੁਰਗੀ ਵੱਢਣ ਨੂੰ ਫਿਰਦੇ ਐ। ਮੇਰੀ ਮੰਨੇ ਤਾਂ ਚੁਪ ਕਰ ਕੇ ਸੌਂ ਜਾ ਆਪੇ ਸਾਲੇ ਹਥ ਫੂਕਦੇ ਫਿਰਨਗੇ। ਤੈਂ ਜ਼ਰੂਰ ਆਹ ਫਲੀਆਂ ਅਰਗੀਆਂ ਉਂਗਲਾਂ ਦਾ ਨਾਸ਼ ਮਾਰਨੈਂ।' ਮੇਰੇ ਖੱਬੇ ਹੱਥ ਨੂੰ ਅਜੇ ਮਸਾਂ ਛੋਹਿਆ ਈ ਸੀ ਕਿ ਦੂਸਰਾ ਹੱਥ ਸਿੱਧਾ ਸਪਾਟ ਉਹਦੇ ਨੱਕ ਤੇ ਜਾ ਟਿਕਿਆ। ਬੌਂਦਲੇ ਜਹੇ ਕਰਤਾਰੇ ਨੇ ਨੱਕ ਨੂੰ ਘੁਟਿਆ ਤਾਂ ਹੱਥ ਸਾਰਾ ਈ ਭਿੱਜ ਗਿਆ। ਸ਼ਾਇਦ ਨਕਸੀਰ ਛੁੱਟ ਗਈ ਸੀ।

ਗੱਲਾਂ ਭਾਵੇਂ ਕਰਤਾਰੇ ਨੇ ਕਿਸੇ ਹੋਰ ਮਕਸਦ ਨਾਲ ਹੀ ਕਹੀਆਂ ਸਨ, ਪਰ ਸੀ ਤਾਂ ਸੱਚੀਆਂ ਈ। ਤੇ ਅਖੀਰ ਇਕ ਦਿਨ ਮੈਂ ਪਾਲ ਨੂੰ ਕਹਿ ਹੀ ਦਿਤਾ — ਆਹ ਮੁਗਲਾਂ ਵਾਲੇ ਚੋਜ ਆਪਾਂ ਨੂੰ ਨੀ ਪੁਗਣੇ। ਅਜੇ ਵੀ ਸਮਝ ਜਾ ਜੱਟਾ, ਜ਼ਮੀਨ ਜਾਇਦਾਦ ਕਿੰਨੀ ਵੀ ਹੋਵੇ ਪਰ ਜੇ ਵਾਢਾ ਈ ਧਰਲੀਏ ਤਾਂ ਇਕ ਨਾ ਇਕ ਦਿਨ ਖੁਰ ਈ ਜਾਂਦੀਐ।

ਪਾਲ ਨੂੰ ਅਜਿਹੀਆਂ ਗੱਲਾਂ ਤੋਂ ਸ਼ਾਇਦ ਪਹਿਲਾਂ ਈ ਚਿੜ੍ਹ ਸੀ। ਅੱਖਾਂ ਅੱਖਾਂ 'ਚ ਈ ਉਸ ਨੇ ਮੇਰੇ ਬੋਲਣ ਦੀ ਹੱਦ ਮੁਕੱਰਰ ਕਰ ਦਿਤੀ। ਤੇ ਉਸ ਤੋਂ ਬਾਅਦ ਮੈਂ ਕੁਝ ਨਾ ਕਿਹਾ — ਭਲਾ ਨਾ ਬੁਰਾ।

ਡਿਗਦਿਆਂ ਪੈਂਦਿਆਂ ਆਪਣੇ ਆਪ ਨੂੰ ਲਾਰੇ ਲਾਂਦਿਆਂ ਇਕ ਵਰ੍ਹਾ ਹੋਰ ਕੱਟ ਸੁਟਿਆ। ਪਰ ਪਾਲ ਨੂੰ ਪਤਾ ਨਹੀਂ ਕੀ ਹੋ ਗਿਆ ਸੀ। ਦਿਨੇ ਵੀ, ਰਾਤ ਵੀ, ਸ਼ਰਾਬ ਈ ਸ਼ਰਾਬ।

10

ਜਦੋਂ ਮੈਂ ਆਈ ਸਾਂ ਤਾਂ ਜਗਤਾਰ ਹੱਦੋਂ ਵਧ ਸੰਗਦਾ ਸੀ। ਬਥੇਰਾ ਕਿਹਾ ਕਰਾਂ — ਆ ਜੱਗੀ ਤੈਨੂੰ ਸਵਾਲ ਸਮਝਾਵਾਂ, ਮਾਡਲ ਬਣਾ ਕੇ ਦਿਆਂ, ਪਰ ਉਹ ਮੇਰੇ ਸਾਹਮਣੇ ਈ ਨਾ ਆਇਆ ਕਰੇ।

ਪਰ ਹੁਣ ਕੁਝ ਫ਼ਰਕ ਪੈ ਚੱਲਿਆ ਸੀ। ਦਸਵੀਂ ਕਰ ਕੇ ਕਾਲਜ ਚਲਾ ਗਿਆ ਸੀ ਤੇ ਕਦੀ ਕਦੀ ਕਾਲਜ ਦੀਆਂ ਗੱਲਾਂ ਸੁਣਾਇਆ ਕਰਦਾ ਸੀ। ਇਕ ਦਿਨ ਸੁਵਖਤੇ ਹੀ ਮੁੜ ਆਇਆ। ਪੁੱਛਿਆ ਤਾਂ ਕਹਿਣ ਲੱਗਾ, 'ਕਾਲਜ ਲੱਗਿਆ ਈ ਨੀ ਮਾਮੀ ਜੀ'

'ਪਰ ਕਿਉਂ ?'

'ਪਤਾ ਨੀ ਕੀ ਗੱਲ ਹੋਈ। ਚੰਗੀ ਭਲੀ ਪੜ੍ਹਾਈ ਹੋ ਰਹੀ ਸੀ। ਦਸ ਕੁ ਮੁੰਡਿਆਂ ਦੀ ਟੋਲੀ ਆਈ। ਦੋ ਮੁੰਡੇ ਕਿਸੇ ਬਾਹਰਲੇ ਕਾਲਜੋਂ ਸੀ। ਉਹਨਾਂ ਨੇ ਸਾਰੀਆਂ ਜਮਾਤਾਂ ਛਡਾਤੀਆਂ ਤੇ ਸਾਰੇ ਗੇਟ ਤੇ ਕੱਠੇ ਹੋਗੇ। ਬਾਹਰੋਂ ਆਏ ਦੋਹਾਂ ਚੋਂ ਇਕ ਜਣਾ ਕਾਲਜ ਦੀ ਲਾਗਲੇ ਆਲੀ ਕੰਧ ਤੇ ਚੜ੍ਹ ਗਿਆ ਤੇ ਲੈਕਚਰ ਦੇਣ ਲਗ ਗਿਆ।'

'ਕੀ ਕਹਿੰਦਾ ਸੀ ?'

'ਪਤਾ ਨੀ ਕੀ ਕਿਹਾ ਉਹਨੇ। ਆਹ ਅਖਬਾਰ ਵੀ ਵੰਡੇ ਸੀ।'

ਲੰਮਾ ਜਿਹਾ ਇਸ਼ਤਿਹਾਰ ਜੋਗੀ ਨੇ ਮੈਨੂੰ ਪਕੜਾਇਆ। ਸੁਰਖ ਅੱਖਰ ਜਿਵੇਂ ਬੋਲ ਰਹੇ ਸਨ, 'ਤੁਸੀਂ ਕਿਥੇ ਸੁਤੇ ਪਏ ਹੋ, ਤੁਹਾਡੇ ਸਾਥੀ ਜਿਹਲ ਕੋਠੜੀਆਂ 'ਚ ਅੱਡੀਆਂ ਰਗੜ ਰਹੇ ਹਨ। ਉਹਨਾਂ ਦੀ ਜ਼ਿੰਦਗੀ ਦੇ ਸਭ ਤੋਂ ਖੂਬਸੂਰਤ ਪਲ ਉਹਨਾਂ ਦੀਆਂ ਹੱਡੀਆਂ ਦੀ ਧੂਣੀ ਤੇ ਲਟ ਲਟ ਪਏ ਬਲਦੇ ਹਨ ਤੇ ਉਹ ਵੇਖ ਰਹੇ ਹਨ ਕਿ ਕਦੋਂ ਉਸ ਦਰਿਆਂ ਨੂੰ ਹੋਸ਼ ਆਵੇਗੀ ਜਿਸ ਦੀ ਖੜੋਤ ਤੋੜਣ ਦੀ ਕਸਮ ਲੇ ਕੇ ਉਹ ਘਰੋਂ ਤੁਰੇ ਸਨ। ਪਰ ਇਥੇ ਕਿਸੇ ਨੂੰ ਕੀ ਸਮਝਾਈਏ। ਅਜੇ ਤਾਂ ਤੁਸੀਂ ਸ਼ਾਇਦ ਆਪਣੇ ਮੌਲਿਕ ਅਧਿਕਾਰਾਂ ਤੇ ਨਿਰਦੇਸ਼ਕ ਸਿਧਾਂਤਾਂ ਨੂੰ ਤਰਤੀਬਵਾਰ ਰਟਣਾ ਹੈ, ਪੋਟਿਆਂ ਤੇ ਉਕਰਨਾ ਹੈ, ਇਮਤਿਹਾਨ ਦੀ ਤਿਆਰੀ ਲਈ...

ਮੈਨੂੰ ਲੱਗਾ ਇਹ ਸਭ ਕੁਝ ਮੈਂ ਕਿਧਰੇ ਸੁਣਿਆ ਹੋਇਆ ਸੀ, 'ਭੁੱਖ ਨਾਲ ਹੋਈਆਂ ਮੌਤਾਂ ਦੀ ਖਬਰ ਤੁਹਾਨੂੰ ਇੰਜ ਲੱਗਦੀ ਹੈ ਜਿਵੇਂ ਰੇਲਵੇ ਦਾ ਬੀ.ਐਸ.ਐਫ. ਹੱਥੋਂ ਹਾਰ ਜਾਣਾ...'

ਇਕ ਘੁਮੇਰ ਜਿਹੀ ਮੇਰੇ ਸਿਰ ਨੂੰ ਚੜ੍ਹਦੀ ਪਈ ਸੀ ਤੇ ਅੱਖਾਂ ਅੱਗੇ ਓਹੀ ਭੂਸਲੇ ਸਪੋਲੀਏ ਤੈਰਦੇ ਫਿਰਦੇ ਸਨ — ਜੱਗੀ ! ਭਲਾ ਕਿਹੋ ਜਿਹਾ ਸੀ ਉਹ ਲੜਕਾ ਜਿਸ ਨੇ ਲੈਕਚਰ ਦਿਤਾ ਸੀ ?

'ਪਤਲਾ ਜਿਆ ਸੀ, ਤਿੱਖੀ ਜਿਹੀ ਪੱਗ, ਦਾਹੜੀ ਕੱਟੀ ਤੇ...ਪਰ ਤੁਸੀਂ ਇਹ ਕਿਉਂ ਪੁਛਦੇ ਹੋ ਮਾਮੀ ਜੀ?'

— ਉਂਜ ਈ। ਨਾਲੇ ਤੂੰ ਮੈਨੂੰ ਮਾਮੀ ਨਾ ਕਿਹਾ ਕਰ। ਮੈਂ ਕੋਈ ਬਹੁਤ ਵੱਡੀ ਆਂ ਤੇਰੇ ਕੋਲੋਂ ? ਮੇਰਾ ਕੋਈ ਛੋਟਾ ਵੀਰ ਨਹੀਂ। ਹੁਣ ਤਾਂ ਵੱਡਾ ਵੀ ਪਰਦੇਸੀ ਹੋ ਗਿਐ। ਛੋਟਾ ਵੀਰਾ ਨਹੀਂ ਬਣੇਂਗਾ ਮੇਰਾ ?

'ਪਰ ਮਾ...ਓ ਨਹੀਂ। ਫੇਰ ਕੀ ਕਿਹਾ ਕਰਾਂ ਥੋਨੂੰ ?'

— ਦੀਦੀ ! ਦੀਦੀ ਕਿਹਾ ਕਰ। ਹਾਂ, ਫਿਰ ਕੀ ਹੋਇਆ ? —

'ਫੇਰ ਉਹ ਬੋਲਦਾ ਰਿਹਾ ਤੇ ਸਾਰਿਆਂ ਨੂੰ ਸ਼ਹਿਰ 'ਚ ਜਲੂਸ ਕਢਣ ਵਾਸਤੇ ਲੈ ਗਿਆ। ਮੈਂ ਤਾਂ ਹੌਲੇ ਜੇ 'ਚ ਈ ਨਿਕਲ ਆਇਆ। ਮਾਮਾਂ ਜੀ ਕਹਿੰਦੇ ਹੁੰਦੇ ਐ ਬਈ ਅਜੇਹੇ ਕੰਮਾਂ 'ਚ ਕਈ ਆਰੀ ਮੁਫਤ ਚ ਈ ਪੁੜੇ ਸੇਕੇ ਜਾਂਦੇ ਐ।'

— ਪਰ ਦੂਸਰੇ ਵੀ ਤਾਂ ਤੇਰੇ ਵਰਗੇ ਈ ਸੀ ਜੱਗੀ। ਤੈਨੂੰ ਸੰਗ ਨਾ ਆਈ ਏਸ ਤਰ੍ਹਾਂ ਖਿਸਕਦਿਆਂ ? ਉਹ ਮੁੰਡਾ ਠੀਕ ਈ ਤਾਂ ਕਹਿੰਦਾ ਸੀ ਬਈ ਕੋਠੜੀਆਂ 'ਚ ਧੁਖਦੇ ਜਿਸਮ ਵੀ ਆਪਣੇ ਵਾਂਗ ਹੀ ਜ਼ਿੰਦਾ ਨੇ, ਸੋਚਦੇ ਨੇ, ਦਰਦ ਮਹਿਸੂਸ ਕਰਦੇ ਨੇ। ਨਹੀਂ ਜੱਗੀ ਤੂੰ ਅੱਛਾ ਨਹੀਂ ਕੀਤਾ। ਤੈਨੂੰ ਜ਼ਰੂਰ ਆਪਣੇ ਸਾਥੀਆਂ ਦਾ ਸੰਗ ਕਰਨਾ ਚਾਹੀਦਾ ਸੀ।

'ਮੈਨੂੰ ਸੱਚੀਂ ਸ਼ਰਮ ਆਉਂਦੀ ਐ ਦੀਦੀ ! ਮੇਰੀ ਸੱਚੀਂ ਗਲਤੀ ਸੀ...'

11

ਪਾਲ ਕੁੱਝ ਚੁੱਪ ਚੁੱਪ ਰਹਿਣ ਲਗ ਪਿਆ ਸੀ। ਪਤਾ ਨਹੀਂ ਕਿਹੜਾ ਝੋਰਾ ਉਹਨੂੰ ਵਿਚੇ ਵਿਚ ਖਾਈ ਜਾ ਰਿਹਾ ਸੀ। ਗੱਲ ਗੱਲ ਤੇ ਖਿੱਝ ਜਾਂਦਾ ਜਿਵੇਂ ਘਰ 'ਚ ਫਿਰਦੀ ਮੈਂ ਉਹਨੂੰ ਰੜਕਦੀ ਹੋਵਾਂ।

ਦਿਉਲਾਂ ਦੀ ਨਿਹਾਲੋ ਬੁੜ੍ਹੀ ਤਕਰੀਬਨ ਰੋਜ਼ ਹੀ ਆਉਂਦੀ ਤੇ ਪਾਲ ਨਾਲ ਪਤਾ ਨਹੀਂ ਕਿਹੜੇ ਮਸ਼ਵਰੇ ਕਰਦੀ ਰਹਿੰਦੀ। ਦੋਵੇਂ ਬੜੇ ਫਿਕਰਮੰਦ ਨਜ਼ਰ ਆਉਂਦੇ। ਰੋਜ਼ ਹੀ ਉਹਦੇ ਜਾਣ ਪਿਛੋਂ ਪਾਲ ਕੁਝ ਕਹਿੰਦਾ ਕਹਿੰਦਾ ਰੁਕ ਜਾਂਦਾ। ਤੇ ਇਕ ਦਿਨ ਨਿਹਾਲੋ ਨੇ ਜਿਵੇਂ ਮੈਨੂੰ ਸੁਣਾ ਕੇ ਕਿਹਾ, 'ਜਾਹ ਵੇ ਜਾਹ ! ਉਈਂ ਕਿਉਂ ਸੂਤੀ ਜਾਨੈ ਤੀਵੀਂ ਮੂਹਰੇ ਈ ? ਖਾਣ ਤਾਂ ਨੀ ਲੱਗੀ

ਤੈਨੂੰ। ਨਾਲ ਉਹਨੂੰ ਕਿਹੜਾ ਚਾਹੀਦਾ ਨੀ।' ਮੈਂ ਪੁੱਛ ਹੀ ਲਿਆ—ਕੀਹਦੀ ਗੱਲ ਕਰਦੇ ਓ ਮਾਂ ਜੀ ?

'ਨੀ ਤੇਰੀ ਈ ਗੱਲ ਕਰਦੀ ਆਂ ਧੀਏ। ਆਹ ਬਿੱਜੂ ਨੂੰ ਸਮਝਾਉਨੀ ਆਂ ਬਈ ਦਾਰੂ ਬੂਟੀ ਲਾਜ ਕਰਾਦੇ ਤੇਰਾ।'

— ਪਰ ਮੈਨੂੰ ਕੀ ਹੋਇਐ ਮਾਂ ਜੀ ?

'ਨੀ ਹੋਣਾ ਕੀ ਐ। ਜਮਾਂਦਰੂ ਨਸੰਕ ਹੁੰਦੈ ਕਈ ਆਰ।'

ਓਹੋ! ਤੇ ਹੁਣ ਜਾ ਕੇ ਗੱਲ ਮੇਰੇ ਦਿਮਾਗ 'ਚ ਆਈ। ਬੁੜ੍ਹੀ ਸੱਚੀ ਈ ਸੀ। ਦੋ ਵਰ੍ਹੇ ਹੋਣ ਨੂੰ ਆਏ ਸਨ ਤੇ ਮੈਂ ਪਾਲ ਨੂੰ ਕੁਝ ਵੀ ਦੇ ਨਹੀਂ ਸਾਂ ਸਕੀ।

'ਮੈਂ ਤਾਂ ਕਹਿਨੀ ਆਂ ਸਿਉੜੇ ਲੈ ਜਾ ਇਹਨੂੰ। ਕੀ ਪਤਾ ਬਾਬਿਆਂ ਦੀ ਮਿਹਰ ਹੋ ਜੇ। ਮਿਸਤਰੀਆਂ ਦੀ ਸੀਤੋ ਨੇ ਪੰਜ ਚੌਂਕੀਆਂ ਭਰੀਆਂ ਤੇ ਘੋੜੇ ਆਂਗੂੰ ਫਿਰਦੀ ਐ।'

—ਪਰ ਮਾਂ ਜੀ! ਨਿਰਾ ਪਖੰਡ ਹੁੰਦੈ ਸਭ ਕੁਝ—

'ਵੈਰਨੇ, ਕਾਹਨੂੰ ਬੋਲ ਕਬੋਲ ਕੱਢਦੀ ਐਂ ਮੂੰਹੋਂ। ਅਖੇ ਚੰਗਾ ਨਾ ਕਹਿ ਤਾਂ ਮਾੜਾ ਵੀ ਨਾ ਕਹਿ।'

ਸੱਚੀਂ ਮੈਨੂੰ ਪਾਲ ਤੋਂ ਸ਼ਰਮ ਜਹੀ ਆਉਣ ਲਗ ਪਈ। ਆਪਣਾ ਆਪ ਦੋਸ਼ੀ ਜਿਹਾ ਲਗਦਾ। ਕਈ ਵਾਰ ਉਸ ਨੂੰ ਕਿਹਾ ਕਿ ਮੈਨੂੰ ਕਿਤੇ ਲਿਜਾ ਕੇ ਵਿਖਾ ਆਵੇ, ਪਰ ਉਹ ਹਰ ਵਾਰ ਖਬਰੇ ਕੀ ਸੋਚ ਜਾਂਦਾ ਸੀ। ਮੇਰੀ ਗੱਲ ਦਾ ਕਦੇ ਵੀ ਹੁੰਗਾਰਾ ਨਾ ਭਰਿਆ। ਮੈਂ ਹੈਰਾਨ ਸਾਂ ਕਿ ਅਜੀਬ ਬੰਦਾ ਹੈ, ਬੁੜ੍ਹੀ ਦੀਆਂ ਵੀ ਸੁਣੀ ਜਾਂਦਾ ਹੈ ਤੇ ਮੈਨੂੰ ਕਹਿੰਦਾ ਵੀ ਕੁਝ ਨਹੀਂ। ਪਰ ਉਹ ਪਤਾ ਨਹੀਂ ਕੀ ਸੋਚ ਕੇ ਚੁਪ ਕਰ ਰਹਿੰਦਾ ਸੀ। ਅਖੀਰ ਇਕ ਦਿਨ ਪਾਣੀ ਭਰਦਿਆਂ ਮੈਂ ਫਿਰ ਕਿਹਾ—ਚਲੋ ਲੁਧਿਆਣੇ ਜਾ ਕੇ ਵਿਖਾ ਆਈਏ ਕਿਸੇ ਨੂੰ। ਉਸ ਤੋਂ ਜਿਵੇਂ ਰਿਹਾ ਨਾ ਗਿਆ, 'ਲੁਧਿਆਣੇ ਨੂੰ ਤੂੰ ਲੰਡਨ ਸਮਝਦੀ ਐਂ ? ਮੈਂ ਦਿੱਲੀ ਜਾ ਕੇ ਵਿਖਾ ਆਇਆਂ ਆਪਣਾ ਆਪ।'

ਗਰਮ ਧੂੰਏਂ ਦਾ ਬੁੱਲਾ ਮੇਰੇ ਸਿਰ ਤੋਂ ਦੀ ਗੁਜ਼ਰ ਗਿਆ—ਜਲ-ਵਿਹੂਣਾ ਸਿਗਰਟ ਦਾ ਬੱਦਲ। ਨਲਕੇ ਦਾ ਪਾਣੀ ਚਲਦੇ ਚਲਦੇ ਉਤਰ ਗਿਆ ਤੇ ਟਾਹਲੀ ਤੋਂ ਝੜੇ ਸੁੱਕੇ ਪੱਤੇ ਸਾਰੇ ਵਿਹੜੇ 'ਚ ਖਿੰਡ ਗਏ।

12

ਮੈਂ ਸਚਮੁਚ ਜੱਗੀ ਨੂੰ ਸ਼ਰਮਿੰਦਾ ਕਰ ਦਿਤਾ ਸੀ। ਉਸ ਤੋਂ ਬਾਅਦ ਉਹ ਕਦੇ ਵੀ ਪਿਛੇ ਨਹੀਂ ਹਟਿਆ, ਸਗੋਂ ਸਰਗਰਮ ਹਿੱਸਾ ਲੈਣ ਲੱਗਾ। ਪਿੰਡ 'ਚ ਉਸ ਨੇ ਨੌਜਵਾਨ ਸਭਾ ਬਣਾ ਲਈ ਸੀ। ਕਈ ਵਾਰ ਵੱਡੀਆਂ ਵੱਡੀਆਂ ਕਿਤਾਬਾਂ ਲਿਆਉਂਦਾ ਤੇ ਅੱਧੀ ਅੱਧੀ ਰਾਤ ਤਕ ਪੜ੍ਹਦਾ ਰਹਿੰਦਾ। ਇਕ ਦਿਨ ਮੈਂ ਉਸ ਦੀ ਇਕ ਕਿਤਾਬ ਫਰੋਲੀ ਤਾਂ ਪਹਿਲੇ ਸਫੇ ਤੇ ਦੋ ਪੰਕਤੀਆਂ ਲਿਖੀਆਂ ਹੋਈਆਂ ਸਨ :

ਰੇਸ਼ਮੀ ਕਾਗਜ਼ ਤੁਹਾਡਾ ਕੱਲਿਆਂ ਕੀ ਕਰੇਗਾ,
ਕਿਸ ਤਰ੍ਹਾਂ ਇਤਿਹਾਸ ਲਿਖਣੈ ਅੱਖਰਾਂ ਨੂੰ ਸਾਰ ਹੈ।

ਝਰਨ ਝਰਨ ਮੇਰਾ ਮੱਥਾ ਠਣਕਿਆ।

—ਜੱਗੀ, ਇਹ ਕਿਸ ਦੀ ਲਿਖਾਈ ਐ ਭਲਾ ?

'ਵੱਡੇ ਭਾ ਜੀ ਦੀ।'

—ਪਰ ਇਹ ਵੱਡੇ ਭਾ ਜੀ ਕੌਣ ਹਨ ਤੇਰੇ ?

'ਉਹੀ ਲੜਕਾ ਦੀਦੀ ਮੈਂ ਦੱਸਿਆ ਸੀ ਨਾ ਤਿੱਖੀ ਪੱਗ ਤੇ ਛੀਟਕੇ ਸਰੀਰ ਆਲਾ। ਉਹ ਕਦੇ ਕਦੇ ਕਾਲਜ ਆਇਆ ਕਰਦੇ। ਮੈਂ ਕਿਵੇਂ ਨਾ ਕਿਵੇਂ ਉਹਦੇ ਨਾਲ ਗੱਲ ਬਾਤ ਕਰਨ ਦਾ ਮੌਕਾ ਲੱਭਿਆ। ਮੈਂ ਕਿਹਾ, 'ਇਸ ਤਰ੍ਹਾਂ ਜਨਤਕ ਸਥਾਨਾਂ ਤੇ ਘੁੰਮਦੇ ਜੇ ਕਦੇ ਪਕੜੇ ਗਏ ?' ਉਹ ਕਹਿਣ ਲੱਗਾ, 'ਪਕੜੇ ਗਏ ਤਾਂ ਠੀਕ ਐ ਪਰ ਓਦੋਂ ਤਕ ਤਾਂ ਜ਼ਿੰਦਗੀ ਨੂੰ ਕਿਸੇ ਆਹਰੇ ਲਾਈਏ।' ਮੈਂ ਭਾ ਜੀ ਨੂੰ ਸਭ ਕੁਝ ਦੱਸ ਦਿਤਾ ਸੀ ਦੀਦੀ ਕਿਵੇਂ ਮੈਂ ਜਲੂਸ ਚੋਂ ਪਹਿਲੇ ਦਿਨ ਖਿਸਕ ਆਇਆ ਤੇ ਕਿਵੇਂ ਤੁਸੀਂ ਮੈਨੂੰ ਝਾੜਿਆ ਸੀ। ਉਹ ਕਹਿਣ ਲੱਗੇ, ਫੇਰ ਤਾਂ ਤੇਰੀ ਦੀਦੀ ਨੂੰ ਮਿਲਣਾ ਪਵੇਗਾ ਪਰ ਜੇ ਸਮਾਂ ਮਿਲ ਸਕਿਆ।'

—ਪਰ ਉਹ ਰਹਿੰਦੇ ਕਿਥੇ ਐ ਜੱਗੀ ?

'ਕਦੇ ਪੁਛਿਆ ਨੀ। ਊਂ ਉਹ ਕਿਹਾ ਕਰਦੇ ਨੇ, ਹਰ ਉਹ ਥਾਂ ਆਪਣੀ ਹੈ ਜਿਥੋਂ ਦੇ ਲੋਕ ਆਪਣੀ ਗੱਲ ਸੁਣਦੇ ਤੇ ਸਮਝਦੇ ਨੇ। ਮੈਂ ਇਕੇਰਾਂ ਪੁਛਿਆ—ਭਾ ਜੀ! ਇਹ ਮੋਹ ਭੰਗ ਦੀ ਅਵਸਥਾ ਕਦੋਂ ਆਉਂਦੀ ਐ ? ਕਦੇ ਕਦੇ ਮੇਰਾ ਵੀ ਮਨ ਕਰਦੈ ਬਈ... ਪਰ ਦਿਲ ਫੇਰ ਡੋਲ ਜਾਂਦੈ। ਉਹ ਕਹਿਣ ਲੱਗੇ ਤੂੰ ਅਜੇ ਬੱਚਾ ਏਂ ਜੱਗੀ। ਗੱਲ ਮਨ ਸਮਝਾਣ ਦੀ ਈ ਹੁੰਦੀ ਐ। ਮੈਂ ਤੇ ਮੇਰੇ ਵਰਗਿਆਂ ਬਾਰੇ ਤੁਸੀਂ ਸੋਚਦੇ ਹੋਵੋਗੇ ਕਿ ਧੰਨ ਹਨ ਇਹ ਲੋਕ ਜੋ ਸਭ ਕੁਝ ਤਿਆਗੀ ਫਿਰਦੇ ਨੇ। ਪਰ ਜੇ ਵੇਖਿਆ ਜਾਵੇ ਤਾਂ ਅਸੀਂ ਕੀ ਤਿਆਗਦੇ ਆਂ ? ਰਿਸ਼ਤੇ ਸਗੋਂ ਹੋਰ ਵਿਸ਼ਾਲ ਹੁੰਦੇ ਚਲੇ ਜਾਂਦੇ ਨੇ ਹੁਣ ਤੇਰਾ ਮੇਰਾ ਕੀ ਰਿਸ਼ਤਾ ਏ ? ਤੇਰੀ ਦੀਦੀ ਨਾਲ ਕੀ ਰਿਸ਼ਤਾ ਏ ਮੇਰਾ, ਜਿਸ ਨੂੰ ਮੈਂ ਵੇਖਿਆ ਵੀ ਨੀ ਤੇ ਸ਼ਾਇਦ ਵੇਖ ਵੀ ਨਾ ਸਕਾਂ ? ਮੇਰੀ ਮਾਂ ਇਕ ਵਾਰ

ਬਜ਼ਾਰ 'ਚ ਮਿਲੀ ਤਾਂ ਮੈਨੂੰ ਪਛਾਨਣ ਤੋਂ ਇਨਕਾਰ ਕਰ ਦਿਤਾ। ਕੀ ਉਹ ਮੇਰੀ ਮਾਂ ਹੈ? ਇਸ ਦੇ ਉਲਟ ਹਜ਼ਾਰਾਂ ਔਰਤਾਂ ਹਨ ਤੇਰੀ ਦੀਦੀ ਵਰਗੀਆਂ ਜੋ ਡਾਂਗ ਫੜ ਕੇ ਸਾਰੀ ਸਾਰੀ ਰਾਤ ਬੂਹੇ 'ਚ ਬੈਠੀਆਂ ਰਹਿੰਦੀਆਂ ਹਨ ਤੇ ਅੰਦਰ ਅਸੀਂ ਸੌਂ ਰਹੇ ਹੁੰਦੇ ਆਂ। ਇਸ ਤਰ੍ਹਾਂ ਅਸੀਂ ਕੁਝ ਗਵਾਇਆ ਨਹੀਂ ਜੱਗੀ। ਜ਼ਿੰਦਗੀ 'ਚ ਜੋ ਵੀ ਮਲੰਮਾ ਸੀ ਉਹ ਪੱਤੀ ਪੱਤੀ ਝੜਦਾ ਗਿਆ ਏ ਤੇ ਪਿਛੇ ਜੋ ਬਚਿਆ ਏ ਅਸਲੀ ਐ, ਨਿਰੋਲ ਐ।'

ਸਾਹਮਣੀ ਖਿੜਕੀ ਅੱਗੋਂ ਲੰਘਦਿਆਂ ਪਾਲ ਨੇ ਸ਼ਾਇਦ ਮੇਰੀਆਂ ਭਰੀਆਂ ਅੱਖਾਂ ਵੇਖ ਲਈਆਂ ਸਨ। ਜੱਗੀ ਦੇ ਜਾਣ ਬਾਅਦ ਉਸ ਨੇ ਇਕ ਦਮ ਕਿਹਾ ਸੀ, 'ਕੀ ਗੱਲ? ਬੜਾ ਬੂਹਕਣ ਡਹੀ ਸੀ ਭਾਣਜੇ ਕੋਲ, ਕਿਤੇ ਮੈਨੂੰ ਨਕਾਰਾ ਸਮਝ ਕੇ ਉਹਤੋਂ ਤਾਂ ਨੀ ਇਲਾਜ ਕਰਾਉਣ ਨੂੰ ਫਿਰਦੀ?'

ਮੇਰਾ ਜਿਵੇਂ ਸਾਹ ਹੀ ਸੂਤਿਆ ਗਿਆ।

—ਪਤਾ ਏ ਕੀ ਕਹਿ ਰਹੇ ਹੋ? ਜ਼ਰਾ ਹੋਸ਼ ਤੋਂ ਕੰਮ ਲਿਆ ਕਰੋ।

ਚੱਟਾ ਖ 'ਵੇਲਣ, ਅਜੇ ਅਕਲ ਸਿਖਾਉਂਦੀ ਐ ਮੈਨੂੰ।'

ਨਲਕੇ ਤੇ ਹੱਥ ਧੋਂਦਾ ਜੱਗੀ ਭੱਜਾ ਆਇਆ। ਪਾਲ ਉਸ ਦੇ ਆਉਣ ਤੋਂ ਪਹਿਲਾਂ ਜਾ ਚੁਕਾ ਸੀ। ਪਤਾ ਨਹੀਂ ਕਦੋਂ ਮੈਂ ਜੱਗੀ ਦੀਆਂ ਬਾਹਵਾਂ 'ਚ ਢੇਰੀ ਹੋ ਗਈ ਸਾਂ। ਖੱਬੀ ਗੱਲ੍ਹ ਤੇ ਸੱਜਰੇ ਉਭਰੇ ਗੁਲਾਬ ਦੀਆਂ ਪੱਤੀਆਂ ਜੱਗੀ ਨੇ ਉਂਗਲਾਂ ਨਾਲ ਮਸਲ ਕੇ ਬਖੇਰ ਦਿਤੀਆਂ ਸਨ। ਪਹਿਲੀ ਵਾਰ ਮਹਿਸੂਸ ਹੋਇਆ ਕਿ ਜੱਗੀ ਦੀਆਂ ਬਾਹਵਾਂ ਕਿਸੇ ਨੂੰ ਸਹਾਰਾ ਦੇਣ ਦੇ ਯੋਗ ਹੋ ਗਈਆਂ ਹਨ। ਤੇ ਫਿਰ ਅੰਤਾਂ ਦਾ ਮੋਹ ਪਤਾ ਨਹੀਂ ਕਿਥੋਂ ਉਮਡ ਆਇਆ। ਮੈਂ ਜੱਗੀ ਦੇ ਮੱਥੇ ਨੂੰ ਚੁੰਮਦੀ ਨਾ ਥੱਕਾਂ। ਜਨਣ-ਪੀੜਾ ਤੋਂ ਭਾਵੇਂ ਕੋਰੀ ਰਹੀ ਸਾਂ, ਪਰ ਮੇਰੀ ਕੁੱਖ ਦੀ ਲਾਜ ਰਹਿ ਗਈ ਸੀ। ਮੇਰਾ ਵੀਰਾ, ਮੇਰਾ ਬੱਚਾ ਮੇਰੇ ਸਾਹਮਣੇ ਵੇਖਦਿਆਂ ਵੇਖਦਿਆਂ ਜਵਾਨ ਹੋ ਗਿਆ ਸੀ। ਜਲਦੀ ਹੀ ਉਸ ਦੀ ਸ਼ਾਦੀ ਰਚਾਵਾਂਗੀ ਤੇ ਫਿਰ ਹੱਸਦਿਆਂ ਖੇਡਦਿਆਂ ਵਕਤ ਸ਼ਾਇਦ ਗੁਜ਼ਰ ਜਾਇਆ ਕਰੇਗਾ।

## 13

ਜੱਗੀ ਤੇ ਪਾਲ 'ਚ ਓਪਰਾਪਣ ਤਾਂ ਉਸੇ ਦਿਨ ਤੋਂ ਸ਼ੁਰੂ ਹੋ ਗਿਆ ਸੀ ਜਦ ਉਸ ਨੇ 'ਨੌਜਵਾਨ ਸਭਾ' ਬਣਾਈ ਸੀ ਤੇ ਸਭਾ ਨੇ ਪੰਚਾਇਤ ਦੀਆਂ ਰਵਾਇਤੀ ਲੀਹਾਂ ਦੀ ਅਲੋਚਨਾ ਆਰੰਭੀ ਸੀ, ਪਰ ਹੁਣ ਤਾਂ ਜਿਵੇਂ ਇਹ ਓਪਰਾਪਣ ਨਫ਼ਰਤ ਵਿਚ ਬਦਲ ਗਿਆ। ਦੋਵੇਂ ਇਕ ਦੂਸਰੇ ਨੂੰ ਮਿਲਣ ਤੋਂ ਕੰਨੀ ਕਤਰਾਉਂਦੇ। ਜੱਗੀ ਫੇਰ ਵੀ ਝੁਕਣ ਨੂੰ ਤਿਆਰ ਸੀ, ਪਰ ਪਾਲ ਨੂੰ ਤਾਂ ਪਤਾ ਨਹੀਂ ਕੀ ਹੋ ਗਿਆ ਸੀ ਜਾਂ ਕਿਸੇ ਨੇ ਕੰਨ 'ਚ ਕੋਈ ਮਾਰ ਦਿਤੀ ਸੀ। ਉਹ ਤਾਂ ਜੱਗੀ ਦੇ ਨਾਂ ਤੋਂ ਈ ਚਿੜ ਜਾਂਦਾ।

ਅਖੀਰ ਇਕ ਦਿਨ ਭੜਕ ਹੀ ਉਠਿਆ, 'ਵੇਖ ਲੈ ਮੁੰਡਿਆ, ਮੈਂ ਤੈਨੂੰ ਸਿਧੀ ਗੱਲ ਦੱਸ ਦਿੱਤੀ। ਜੇ ਤਾਂ ਐਥੇ ਵੱਸਣੈ ਤਾਂ ਆਹ ਪੰਗੇ ਛੱਡ ਦੇ। ਨਹੀਂ ਫੇਰ ਰੋਵੇਂਗਾ ਜਦੋਂ ਪੁਲਸ ਨੇ ਨੰਗਾ ਕਰਕੇ ਛੱਲਿਆ ਲੋਕਾਂ ਸਾਹਮਣੇ। ਮੈਥੋਂ ਨੀ ਰੋਜ਼ ਰੋਜ਼ ਉਨ੍ਹਾਂ ਦਾ ਮੂੰਹ ਬੰਦ ਕੀਤਾ ਜਾਂਦਾ। ਨਹੀਂ ਜੇ ਬਹੁਤਾ ਔਖੈ ਤਾਂ ਦਫਾ ਹੋ ਜਾ ਕਿਧਰੇ। ਤੂੰ ਵੀ ਸੁਣ ਲੈ ਵੱਡੀ ਹਿਹਦੀ ਹਮਾਇਤਣ ਬਣਦੀ ਫਿਰਦੀ ਐਂ। ਪਹਿਲਾਂ ਆਲੀਆਂ ਗੱਲਾਂ ਨੀ ਹੁਣ ਬਈ ਤੀਵੀਂ ਕਰਕੇ ਬਚਜੇਂਗੀ। ਅਗਲੇ ਕੋਈ ਨੀ ਪਰਵਾਹ ਕਰਦੇ ਹੁਣ, ਮਨ ਆਈਆਂ ਕਰਦੇ ਐ।'

—ਮਾਮਾ ਜੀ!' ਜੱਗੀ ਗਰਜ ਉਠਿਆ, 'ਬੜੀ ਮਿਹਰਬਾਨੀ ਐ ਥੋਡੀ, ਸਭ ਕੁਝ ਪਹਿਲਾਂ ਈ ਦੱਸ ਦਿਤਾ। ਮੈਂ ਤੁਹਾਨੂੰ ਕਿਸੇ ਮੁਸੀਬਤ 'ਚ ਨਹੀਂ ਪਾਵਾਂਗਾ। ਮੈਂ ਜਾ ਰਿਹਾ ਹਾਂ ਪਰ ਇਕ ਗੱਲ ਦੱਸ ਦੇਵਾਂ ਅਗਰ ਦੀਦੀ ਨੂੰ ਕੋਈ ਤਕਲੀਫ ਹੋਈ ਤਾਂ ਮੈਥੋਂ ਬੁਰਾ ਕੋਈ ਨਹੀਂ ਹੋਵੇਗਾ।'

ਤੇ ਜੱਗੀ ਉਨ੍ਹੀਂ ਕਪੜੀਂ ਚਲਾ ਗਿਆ। ਅੱਖਾਂ ਆਪਣੇ ਫਰਜ਼ ਮੁਤਾਬਕ ਸਭ ਕੁਝ ਵੇਖਦੀਆਂ ਰਹੀਆਂ ਤੇ ਕੰਧਾਂ ਆਪਣੀ ਫਿਤਰਤ ਅਨੁਸਾਰ ਖਾਮੋਸ਼ ਹੀ ਰਹੀਆਂ।

## 14

ਜੱਗੀ ਦੇ ਜਾਣ ਨਾਲ ਪਾਲ ਸੁਖਾਲਾ ਸੁਖਾਲਾ ਮਹਿਸੂਸ ਕਰਨ ਲਗਿਆ। ਪਰ ਮੇਰੇ ਪ੍ਰਤੀ ਉਸ ਦਾ ਰਵਈਆ ਹੋਰ ਵੀ ਬਦਲਦਾ ਗਿਆ। ਖਬਰੇ ਮੈਨੂੰ ਵੇਖ ਕੇ ਜੱਗੀ ਯਾਦ ਆ ਜਾਂਦਾ ਸੀ ਉਸ ਨੂੰ। ਆਮ ਤੌਰ ਤੇ ਉਹ ਸ਼ਹਿਰ ਹੀ ਰਹਿ ਪੈਂਦਾ। ਪਿੰਡ ਹੁੰਦਾ ਤਾਂ ਨਾਲ ਇਕ ਦੋ ਮੁਸ਼ਟੰਡੇ ਹੁੰਦੇ। ਨਵਾਂ ਬਦਲ ਕੇ ਆਇਆ ਭਾਰੀਆਂ ਮੁੱਛਾਂ ਵਾਲਾ ਥਾਣੇਦਾਰ ਹਰ ਦੂਜੇ ਚੌਥੇ ਆ ਵੱਜਦਾ। ਬਾਹਰਲੀ ਬੈਠਕ 'ਚ ਈ ਬੈਠੇ ਰਹਿੰਦੇ। ਝੂਠੇ, ਬੱਸ ਸੀਹੋ ਦੀ ਕੁੜੀ ਮੇਰੇ ਨਾਲ ਰੋਟੀ ਟੁੱਕ ਕਰਾਉਂਦੀ ਤੇ ਬੱਸ ਚਾਹ ਬੈਠਕ 'ਚ ਦੇ ਆਉਂਦੀ।

ਕਈ ਕਈ ਦਿਨ ਲੰਘ ਜਾਂਦੇ ਪਾਲ ਨੂੰ ਵੇਖਿਆਂ।

ਫੇਰ, ਜੱਗੀ ਦੇ ਦੋਸਤ ਨੇ ਮੈਨੂੰ ਇਕ ਦਿਨ ਦੱਸਿਆ ਕਿ ਜੱਗੀ ਦਾ ਸੁਨੇਹਾ ਆਇਆ ਹੈ ਕਿ ਉਹ ਵਡ ਭਾਜੀ ਨਾਲ ਜਾ ਮਿਲਿਆ ਹੈ ਕੋਈ ਫ਼ਿਕਰ ਨਹੀਂ ਕਰਨਾ।

ਮਨ ਨੂੰ ਤਸੱਲੀ ਹੋਈ ਕਿ ਕਿਸੇ ਬੰਨੇ ਤਾਂ ਲੱਗਾ ਮੇਰਾ ਵੀਰਾ। ਉਸ ਦੀ ਗ਼ੈਰ-ਹਾਜ਼ਰੀ 'ਚ ਵੀ ਪਿੰਡ ਵਿਚ ਸਭਾ ਦੀਆਂ ਕਾਰਵਾਈਆਂ ਜਾਰੀ ਰਹੀਆਂ। ਜੱਗੀ ਦੇ ਦੋਸਤ ਆਉਂਦੇ ਤੇ ਇਸਤ੍ਰੀ ਸਭਾ ਬਣਾਨ ਲਈ ਆਖਦੇ। ਪਹਿਲਾਂ ਪਹਿਲਾ ਮੈਂ ਪਾਲ ਤੋਂ ਝਿਜਕਦੀ ਸਾਂ, ਪਰ ਇਕ ਵਾਰ ਜੱਗੀ ਆਇਆ ਤਾਂ ਉਸਨੇ ਵੀ ਇਹੋ ਕਿਹਾ। ਜੱਗੀ ਦਾ ਸਰੀਰ ਕੁਝ ਲਿੱਸਾ ਹੋ ਗਿਆ ਪਰ ਉਸ ਦੀ ਚਾਲ ਢਾਲ, ਗੱਲ ਬਾਤ 'ਚ ਇਕ ਅਜੀਬ ਸੰਜੀਦਗੀ ਤੇ ਸਵੈ-ਵਿਸ਼ਵਾਸ ਸੀ, ਪੰਜਾਂ ਕੁ ਮਿੰਟਾਂ 'ਚ ਈ ਉਸ ਨੇ ਫੇਰ ਸਾਰੀਆਂ ਗੱਲਾਂ ਸੁਣਾਈਆਂ ਤੇ ਮੈਂ ਅੰਞਾਣੇ ਬਾਲ ਦੀ ਤਰ੍ਹਾਂ ਉਸ ਦੀਆਂ ਵੱਡੀਆਂ ਵੱਡੀਆਂ ਗੱਲਾਂ ਸੁਣ ਰਹੀ ਸਾਂ — ਹੈਰਾਨ ਤੇ ਉਤਸੁਕ। ਜਾਣ ਵੇਲੇ ਉਸ ਦੇ ਬੈਗ 'ਚ ਮੈਂ ਕਪੜੇ ਪਾਣ ਲਗੀ ਤਾਂ ਵਿਚ ਇਕ ਡੰਡਾ ਜਿਹਾ ਰੜਕਿਆ। ਬਾਹਰ ਕੱਢਿਆ — ਉਹ! ਇਹ ਤਾਂ ਬੰਸਰੀ ਸੀ। ਆਪੇ ਹੀ ਦੱਸਣ ਲੱਗਾ ਕਿ ਬੰਸਰੀ ਯਾਨੀ ਸੰਗੀਤ, ਜ਼ਿੰਦਗੀ ਦਾ ਚਿੰਨ੍ਹ ਹੈ, ਇਸੇ ਲਈ ਉਹ ਇਸ ਨੂੰ ਹਮੇਸ਼ਾ ਨਾਲ ਰਖਦਾ ਹੈ।

ਤੇ ਫਿਰ ਜੱਗੀ ਥੋੜ੍ਹੇ ਬਹੁਤੇ ਅਰਸੇ ਬਾਅਦ ਚੱਕਰ ਮਾਰਦਾ ਰਿਹਾ। ਨੌਜਵਾਨ ਸਭਾ ਤੇ ਇਸਤਰੀ ਸਭਾ ਪੂਰੀਆਂ ਸਰਗਰਮ ਸਨ। ਪਾਲ ਕੁਝ ਵਧੇਰੇ ਹੀ ਪਰੇਸ਼ਾਨ ਰਹਿਣ ਲਗ ਪਿਆ ਸੀ। ਮੁੱਛਲ ਥਾਣੇਦਾਰ ਦੇ ਫੇਰੇ ਵੀ ਵਧ ਗਏ ਸਨ। ਇਕ ਦੋ ਵਾਰ ਕੁਝ ਮੁੰਡਿਆਂ ਨੂੰ ਗ੍ਰਿਫ਼ਤਾਰ ਵੀ ਕੀਤਾ, ਪਰ ਨਾ ਜਾਣੇ ਕੀ ਸੋਚ ਕੇ ਰਿਹਾ ਕਰ ਦਿਤਾ।

ਇਕ ਵਾਰ ਜੱਗੀ ਆਇਆ — ਬੜਾ ਈ ਮਾਯੂਸ। ਪੁੱਛਾਂ ਤਾਂ ਦੱਸੇ ਕੁਝ ਨਾ। ਫਿਰ ਨਾ ਜਾਣੇ ਕੀ ਹੋਇਆ ਭੁੱਬ ਮਾਰ ਕੇ ਮੇਰੇ ਨਾਲ ਚੰਬੜ ਗਿਆ। ਮੈਂ ਬਥੇਰਾ ਚੁੱਪ ਕਰਾਵਾਂ ਪਰ ਹੰਝੂ ਸਨ ਕਿ ਪਰਲ ਪਰਲ ਕਿਰੀ ਜਾ ਰਹੇ ਸਨ। ਕਿੰਨੀ ਦੇਰ ਬਾਦ ਸੰਭਲਿਆ ਤਾਂ ਮਸਾਂ ਉਹਦੇ ਮੂੰਹੋਂ ਨਿਕਲਿਆ : ਦੀਦੀ! ਭਾ ਅ ਜੀ —

— ਹੈਂ! ਭਾ ਜੀ! ਕੀ ਹੋਇਆ ਉਹਨਾਂ ਨੂੰ?

'ਪਿਛਲੇ ਹਫ਼ਤੇ ਗ੍ਰਿਫ਼ਤਾਰ ਕਰ ਕੇ ਅੰਮ੍ਰਿਤਸਰ ਲੈ ਗਏ ਸਨ ਉਹਨਾਂ ਨੂੰ। ਉਥੇ ਪਤਾ ਪਤਾ ਨੀ ਕੀ ਬੀਤੀ ਬਸ ਕੱਲ ਅਖ਼ਬਾਰਾਂ 'ਚ ਖ਼ਬਰ ਦੇ ਦਿਤੀ ਕਿ ਦਿਲ ਦੇ ਦੌਰੇ ਨਾਲ ਹਵਾਲਾਤ 'ਚ ਈ . . .

— ਜੱਗੀ!

ਇਕ ਬਿਜਲੀ ਮੇਰੇ ਅੰਦਰ ਨੂੰ ਝੁਲਸ ਗਈ ਤੇ ਮੈਂ ਸਾਰੀ ਦੀ ਸਾਰੀ ਤਿੜਕ ਗਈ।

'ਹਾਂ ਦੀਦੀ, ਮੈਂ ਤਾਂ ਖ਼ਬਰ ਪੜ੍ਹ ਕੇ ਕਲ ਈ ਆ ਗਿਆ ਸੀ, ਪਰ ਰਾਤੀਂ ਬੈਠਕ 'ਚ ਬੜਾ ਰੌਲਾ ਪੈ ਰਿਹਾ ਸੀ। ਭਲਾ ਉਹ ਲੜਕੀ ਕੌਣ ਸੀ, ਨੱਚ ਰਹੀ?

— ਹੈਂ . . ਐਂ

'ਹਾਂ! ਮੈਂ ਤਾਂ ਅਬਾਦੀ ਦੇ ਪਰਲੇ ਪਾਸੇ ਪੱਕੀ ਚੋਂ ਖੜ੍ਹੋ ਕੇ ਵੇਖਿਆ। ਇਹ ਇਥੇ ਕੀ ਕ੍ਰੀ ਹੋਣ ਲੱਗਿਆ ਐ ਦੀਦੀ? ਮੈਂ ਤੁਹਾਨੂੰ ਲੈ ਜਾਣਾ ਐ ਏਥੋਂ। ਮੈਂ ਨਹੀਂ ਛੱਡਣਾ? ਮੈਂ ਤੁਹਾਨੂੰ ਲੈ ਜਾਣਾ ਐ ਏਥੋਂ। ਮੈਂ ਨਹੀਂ ਛੱਡਣਾ ਐਥੇ। ਤਿੰਨ ਚਾਰ ਪੁਲਸੀਏ ਵੀ ਸੀ, ਰਾਤੀਂ ਬੈਠਕ 'ਚ।'

— ਆਹੋ! ਮੁੱਛਲ ਆਇਆ ਹੋਇਐ ਕਲ੍ਹ ਆਥਣ ਦਾ। ਉਹਦਾ ਤਾਂ ਰੋਜ਼ ਦਾ ਈ ਕੰਮ ਹੋ ਗਿਐ। ਹੁਣ ਵੀ ਬਾਹਰ ਖੇਤਾਂ ਵਲ ਗਏ ਹੋਏ ਐ। ਹਾਂ ਸੱਚ ਜੱਗੀ! ਬੇਟੇ, ਮੇਰਾ ਕਹਿਣ ਤਾਂ ਨਹੀਂ ਬਣਦਾ, ਪਰ ਹੁਣ ਤੂੰ ਘਟ ਈ ਆਇਆ ਕਰ। ਤੇਰੇ ਮਾਮੇ ਨੂੰ ਕਿਤੋਂ ਤੇਰੇ ਆਉਣ ਦਾ ਪਤਾ ਲਗ ਜਾਂਦੈ ਕਿਵੇਂ ਨਾ ਕਿਵੇਂ। ਇਕ ਦਿਨ ਕਰਤਾਰੇ ਨਾਲ ਬੜੀਆਂ ਘਟੀਆ ਗੱਲਾਂ ਕਰ ਰਿਹਾ ਸੀ ਤੇਰੇ ਬਾਰੇ। ਉਹਦੇ ਮਨ 'ਚ ਕਿਸੇ ਨੇ ਬਿਠਾ ਦਿਤੈ ਕਿ ਤੂੰ ਹੀ ਪਿੰਡ 'ਚ ਉਸ ਦੇ ਖ਼ਿਲਾਫ਼ ਸਾਰੀ ਲਹਿਰ ਚਲਾਈ ਐ। ਮੈਨੂੰ ਉਹਦੇ ਇਰਾਦੇ ਠੀਕ ਨੀ ਲਗਦੇ ਜੱਗੀ।

ਤੇ ਜੱਗੀ ਚਲਾ ਗਿਆ ਉਵੇਂ ਈ ਮੁੜ ਮੁੜ ਵੇਖਦਾ, ਰੁਕਦਾ ਰੁਕਦਾ, ਮੁੜਦਾ ਮੁੜਦਾ ਉਹ ਚਲਾ ਗਿਆ ਹੱਥੋਂ ਛੁੱਟੇ ਰੁਮਾਲ ਵਾਂਗ ਜੋ ਉਡਦਾ ਉਡਦਾ ਦਸਾਂ ਕਦਮਾਂ ਤੇ ਜਾ ਗਿਰ ਪੈਂਦਾ ਹੈ। ਚੁੱਕਣ ਲਈ ਦੌੜਦੇ ਹਾਂ ਤਾਂ ਹਨੇਰੀ ਉਡਾ ਕੇ ਹੋਰ ਅਗਾਂਹ ਲੈ ਜਾਂਦੀ ਹੈ — ਪਰਲੇ ਪਾਰ — ਜਿਥੇ ਜਾ ਕੇ ਉਹ ਬਾਂਸਾਂ ਦੇ ਜੰਗਲ 'ਚ ਅਟਕ ਜਾਂਦਾ ਹੈ ਉਕਾ ਹੀ ਬੇਖ਼ਬਰ ਕਿ ਹਨੇਰੀਆਂ 'ਚ ਬਾਂਸਾਂ ਦਾ ਜੰਗਲ ਭੜਕ ਵੀ ਉਠਦਾ ਹੈ।

15

ਉਸ ਰਾਤ ਪਾਲ ਕੁਝ ਉਖੜਿਆ ਉਖੜਿਆ ਸੀ। ਮੁੱਛਲ ਰਾਤ ਨੂੰ ਜੀਪ 'ਚ ਚਲਾ ਗਿਆ, ਪਰ ਕਰਤਾਰਾ ਤੇ ਪਾਲ ਦੇਰ ਰਾਤ ਤਕ ਪੀਂਦੇ ਰਹੇ। ਨਲਕੇ ਤੋਂ ਪਾਣੀ ਲੈਣ ਗਈ ਤਾਂ ਉਹਨਾਂ ਦੀ ਅਵਾਜ਼ ਹਲਕੀ ਹਲਕੀ ਬਾਹਰ ਸੁਣਾਈ ਦਿੰਦੀ ਸੀ — ਮਲਵੀ ਜਿਹੀ ਜੀਭ

ਵਾਲਾ ਇਹ ਕਰਤਾਰਾ ਈ ਸੀ, 'ਪੀ ਲੈ ਅਜ ਤਾਂ ਪਤੰਦਰਾ। ਹੁਣ ਤਾਂ ਫੰਟਾ ਈ ਮੁਕਾ ਤਾ। ਮੈਂ ਤਾਂ ਤੈਨੂੰ ਓਦਨ ਦਾ ਈ ਕਹਿੰਦਾ ਸੀ ਪਈ ਇਹ ਸਪੋਲੀਏ ਦੀ ਸਿਰੀ ਚਿੱਥਣੀ ਈ ਪਊ। ਏਥੇ ਕੌਣ ਪੁੱਛਦੈ। ਉਹੋ ਜਿਆਂ ਦੀਆਂ ਕਰਤੂਤਾਂ ਪਿਛੇ ਮਾੜ੍ਹੂ ਤਮਾੜ੍ਹੂ ਵੀ ਰਾੜ੍ਹੇ ਜਾਂਦੇ ਐ। ਫੜ ਪੀ ਲੈ ਗੁਰੂਆ, ਛੱਡ ਵੀ ਮਸੋਸੀ ਨੂੰ — ਮਖਾ ਤੂੰ ਸੋਚਦਾ ਕੀ ਐਂ?'

'ਸੋਚਦਾ, ਬਈ ਕੇਸ ਤਾਂ ਪੁਲਸ ਆਪੇ ਸੰਭਾਲ ਲੂ, ਪਰ ਆਹ ਮੰਡੀਹਰ ਨਾ ਕਿਤੇ ਹੋਰ ਈ ਗੱਲ ਬਣਾ ਲੈ'

'ਓ ਜਾਣ ਦੇ ਤੂੰ, ਇਹਨਾਂ ਨੂੰ ਤਾਂ ਚਾਬੀ ਈ ਉਹ ਦਿੰਦਾ ਸੀ...'

ਮੈਂ ਡਿੱਗਦੀ ਡਿੱਗਦੀ ਮਸਾਂ ਸੰਭਲੀ। ਹੋਰ ਮੈਥੋਂ ਉਥੇ ਰੁਕ ਨਹੀਂ ਹੋਇਆ। ਪਰ ਇਹ ਗੱਲ ਸੁਣ ਕੇ ਕੋਈ ਹੈਰਾਨੀ ਨਹੀਂ ਲੱਗੀ। ਪਤਾ ਨਹੀਂ ਏਸ ਕਰ ਕੇ ਕਿ ਮੈਨੂੰ ਪਤਾ ਈ ਸੀ ਕਿ ਇਹ ਤਾਂ ਹੋ ਕੇ ਈ ਰਹਿਣਾ ਸੀ ਜਾਂ ਜ਼ਿੰਦਗੀ ਅਜਿਹੇ ਪੜਾਅ ਤੇ ਪਹੁੰਚ ਗਈ ਸੀ ਜਿਥੇ ਸਭ ਨਫ਼ੇ ਨੁਕਸਾਨ ਇਕੋ ਜਿਹੇ ਲਗਦੇ ਹਨ। ਪਰ ਇਕ ਕੰਡਾ ਜਿਆ ਕਿਧਰੇ ਰੜਕਣ ਲੱਗਾ ਸੀ ਮੈਂ ਬਥੇਰਾ ਉਸਨੂੰ ਛੰਡ ਸੁੱਟਣ ਲਈ ਸਿਰ ਪਟਕਿਆ ਪਰ ਰੜਕ ਅਜੇ ਵੀ ਕਾਇਮ ਸੀ।

ਅਚਾਨਕ ਯਾਦ ਆਇਆ ਪਾਲ ਸੌਣ ਲੱਗਿਆਂ ਦੁੱਧ ਪੀਣ ਦਾ ਆਦੀ ਸੀ ਤੇ ਆਪਣੇ ਆਪ ਮੇਰਾ ਆਪਣਾ ਹੱਥ ਉਸ ਆਲੇ 'ਚ ਜਾ ਪਿਆ ਜਿਸ ਅੰਦਰੋਂ ਇਕ ਇੱਟ ਉਖੜੀ ਹੋਈ ਸੀ ਜਿਸ ਨੂੰ ਪਾਲ ਦਿਹਾੜੀ 'ਚ ਕਈ ਵਾਰ ਚੁਕਦਾ ਤੇ ਫਿਰ ਉਵੇਂ ਈ ਟਿਕਾ ਦਿੰਦਾ ਸੀ।

ਦੋਵੇਂ ਜਣੇ ਦੁੱਧ ਦਾ ਗਲਾਸ ਗਟਾਗਟ ਪੀ ਗਏ। ਕਰਤਾਰਾ ਮੇਰੇ ਹਥੋਂ ਕਈ ਮਹੀਨੇ ਬਾਅਦ ਦੁੱਧ ਪੀ ਕੇ ਪੂਰਾ ਲੋਰ 'ਚ ਸੀ। ਕੁਝ ਦੇਰ ਬੈਠਕ ਚੋਂ ਨਸ਼ਿਆਈਆਂ ਜਹੀਆਂ ਅਵਾਜ਼ਾਂ ਆਉਂਦੀਆਂ ਰਹੀਆਂ, ਫਿਰ ਭਰੜਾਏ ਜਹੇ ਘੁਰਾੜੇ ਤੇ ਫਿਰ ਉਹ ਵੀ ਬੰਦ।

16

ਕਿਸੇ ਨੂੰ ਵੀ ਖ਼ਾਸ ਹੈਰਾਨੀ ਨਾ ਹੋਈ। ਸਭ ਕਹਿਣ ਕਿ ਇਹ ਤਾਂ ਕਦੇ ਨਾ ਕਦੇ ਹੋ ਹੀ ਜਾਣਾ ਸੀ। ਕੁਝ ਹੈਰਾਨ ਸਨ ਕਿ ਮੈਂ ਪਤੀ ਦੇ ਸਦਮੇ ਨੂੰ ਕਿਵੇਂ ਹਜ਼ਮ ਕਰ ਲਿਆ ਸੀ ਤੇ ਕੁਝ ਹੈਰਾਨ ਸਨ ਕਿ ਮੇਰੀਆਂ ਅੱਖਾਂ 'ਚ ਥੋੜੀ ਜਹੀ ਸਿੱਲ ਭੀ ਕਿਉਂ ਹੈ। ਕਿਸੇ ਨੇ ਵੀ ਗੱਲ ਨਹੀਂ ਵਧਾਈ, ਪਰ ਨਹੀਂ ਮੌਕੇ ਦੀ ਨਜ਼ਾਕਤ ਨੂੰ ਸਾਰੇ ਹੀ ਕਿਵੇਂ ਸਮਝ ਗਏ ਸਨ।

ਰਾਤ ਨੂੰ ਬੜਾ ਅਜੀਬ ਅਜੀਬ ਲੱਗਾ। ਕੱਲੀ ਤਾਂ ਨਹੀਂ ਸਾਂ—ਝਾਈ ਸੀ ਤੇ ਪਾਲ ਦੀ ਭੈਣ ਸੀ, ਪਰ ਫਿਰ ਵੀ ਅਜੀਬ ਜਿਹਾ ਸੱਖਣਾਪਣ ਸੀ। ਸਵੇਰ ਵੇਲੇ ਜਾ ਕੇ ਕਿਤੇ ਅੱਖ ਲੱਗੀ:

ਕੋਈ ਬੂਹਾ ਖੜਕਾਈ ਜਾ ਰਿਹਾ ਸੀ। ਉਠ ਕੇ ਦਰਵਾਜ਼ਾ ਖੋਲ੍ਹਿਆ। ਰੂੰ ਵਰਗੇ ਵਾਲਾਂ ਤੇ ਕਪੜਿਆਂ ਵਾਲੀ ਇਕ ਔਰਤ ਸੀ। ਮੇਰੇ ਕੁਝ ਕਹਿਣ ਤੋਂ ਬਿਨਾਂ ਹੀ ਉਹ ਅੰਦਰ ਲੰਘ ਆਈ। ਸਹਿਮੀ ਸਹਿਮੀ ਮੈਂ ਬੂਹੇ 'ਚ ਖੜੀ ਸਾਂ ਕਿ ਉਸ ਨੇ ਮੈਨੂੰ ਪਾਸ ਬੁਲਾਇਆ। ਉਸ ਦੀ ਠੋਡੀ ਮੈਨੂੰ ਬਿਲਕੁਲ ਆਪਣੇ ਬੇਜੀ ਵਰਗੀ ਲੱਗੀ। ਹੈਂ! ਅੱਖਾਂ, ਨੱਕ, ਸਭ ਕੁਝ ਹੀ। ਉਹ ਤਾਂ ਸਚਮੁਚ ਬੇਜੀ ਸੀ। ਆਪਣੇ ਸਿਰ ਤੋਂ ਕੁਝ ਵਾਲ ਪੁਟ ਕੇ ਉਸ ਨੇ ਮੇਰੀ ਤਲੀ ਤੇ ਧਰ ਦਿਤੇ—ਬਰਫ ਵਾਂਗ ਸਫੈਦ। ਤੇ ਮੇਰੇ ਮੱਥੇ ਤੇ ਪਿਆਰ ਦੇ ਕੇ ਵਾਪਸ ਚਲੀ ਗਈ।

—ਬੇਜੀ...ਈ...ਈ...

'ਕੌਣ ਐ?' ਪਾਲ ਦੀ ਭੈਣ ਨੂੰ ਮੇਰੀ ਚੀਕ ਨੇ ਅੱਭੜਵਾਹੇ ਜਗਾ ਦਿਤਾ ਸੀ।

—ਕੁਝ ਨਹੀਂ, ਐਵੇਂ ਦਬਾਅ ਜਿਹਾ ਆ ਗਿਆ ਸੀ—

ਅੱਖ ਫਿਰ ਲੱਗ ਗਈ।

ਥਾਂ ਸੰਭਰਦਿਆਂ ਮੈਨੂੰ ਕਿਸੇ ਇਕੋ ਝਟਕੇ ਨਾਲ ਘੋੜੇ ਤੇ ਸੁੱਟ ਲਿਆ। ਚੀਕ ਮਾਰਨ ਲੱਗੀ ਪਰ ਗਲਾ ਬਿਲਕੁਲ ਹੀ ਸੁੱਕ ਗਿਆ ਸੀ, ਸ਼ਾਇਦ ਜ਼ਿੰਦਗੀ 'ਚ ਕਦੀ ਘੋੜੇ ਤੇ ਨਹੀਂ ਸਾਂ ਬੈਠੀ। ਦੋਹਾਂ ਤੋਂ ਸਹਿਮੀ ਬੈਠੀ ਰਹੀ—ਘੋੜੇ ਤੋਂ ਵੀ, ਸਵਾਰ ਤੋਂ ਵੀ।

'ਬੋਲਣਾ ਨਹੀਂ ਮੇਰੇ ਨਾਲ?'

ਹੈਂ! ਇਹ ਅਵਾਜ਼ ਤਾਂ ਜਾਣੀ ਪਛਾਣੀ ਲਗਦੀ ਸੀ, ਪਰ ਇਹ ਕਿਵੇਂ ਹੋ ਸਕਦਾ ਸੀ!

'ਮੈਂ ਜੱਗੀ ਦੀਆਂ ਗੱਲਾਂ ਤੋਂ ਈ ਬੁਝ ਲਿਆ ਸੀ, ਉਹ ਅਕਸਰ ਤੁਹਾਡੀਆਂ ਗੱਲਾਂ ਕਰਿਆ ਕਰਦਾ ਸੀ।'

— ਪਰ ਤੁਸੀਂ ਆਏ ਨਾ ਕਦੀ ਜੱਗੀ ਨਾਲ?

'ਵਕਤ ਹੀ ਨਾ ਲੱਗਿਆ।'

'ਰੁਕਜੋ, ਨਹੀਂ, ਭੁੰਨ ਦੂੰ ਦੋਹਾਂ ਨੂੰ,' ਸੱਜੇ ਪਾਸੇ ਸਲਵਾੜ੍ਹ 'ਚ ਪਾਲ ਦੁਨਾਲੀ ਲਈ ਖਲੋਤਾ ਸੀ। ਫਾਇਰ ਦੀ ਅਵਾਜ਼ ਨਾਲ ਘੋੜਾ ਡਰ ਕੇ ਸਰਪਟ ਦੌੜ ਪਿਆ ਤੇ ਮੈਂ ਧੜੱਮ ਥੱਲੇ 'ਚ ਗਿਰ ਗਈ ਤੇ ਚੀਕ

ਨਿਕਲ ਗਈ।

ਪਾਲ ਦੀ ਭੈਣ ਫਿਰ ਤ੍ਰਭਕ ਕੇ ਉਠੀ, 'ਨੀ ਕੀ ਚੰਬੜ ਗਿਆ ਮਰਜਾਣੀਏ। ਮੈਂ ਤੜਕੇ ਦੀ ਕਹੀ ਜਾਨੀ ਆਂ ਕੁਛ ਮੂੰਹੋਂ ਫੁਟ, ਪਰ ਮਰ ਜੇ ਰੱਬ ਦੀ ਬੰਦੀ ਜੇ ਮੂੰਹੋਂ ਲਬਜ਼ ਵੀ ਕੱਢੇ, ਅੰਦਰੇ ਅੰਦਰ ਪੱਥਰ ਹੋਗੀ। ਨੀ ਭਾਣੋਂ ਬਾਹਰਲਿਆਂ ਦੀ ਬਿਸ਼ਨੀ ਜਿਉਂਦੀ ਐ? ਚਲ, ਉਹਨੂੰ ਈ ਬੁਲਾ ਲੀਏ।

—ਨਹੀਂ ਭੈਣ ਜੀ!, ਕੁਝ ਨਹੀਂ ਹੋਇਆ ਮੈਨੂੰ। ਤੁਸੀਂ ਸੌਂ ਜਾਉ। ਐਵੇਂ ਈ ਜ਼ਰਾ ਸੁਪਨੇ 'ਚ ਡਿਰ ਗਈ ਸਾਂ। ਸੱਚੀਂ ਕੁਝ ਨਹੀਂ। ਸੌਂ ਜਾ ਭਾਣੋਂ। ਸਾਰੇ ਸੌਂ ਜਾਉ। ਮੈਂ ਠੀਕ ਆਂ ਸੌਂ ਜਾਉ।

ਵੀਰੇ ਨੂੰ ਪਤਾ ਲੱਗਾ ਤਾਂ ਇਕ ਦਮ ਆਇਆ। ਕਹੇ, 'ਚਲ ਮੇਰੇ ਨਾਲ। ਏਥੇ ਹੁਣ ਕੀ ਐ ਤੇਰਾ? ਚਲ ਮੇਰੀ ਭੈਣ, ਆਪਾਂ ਦੋਵੇਂ ਹੋਮਾਂਗੇ ਤਾਂ ਉਹ ਜਾਣੇ ਕਿਵੇਂ ਨਾ ਕਿਵੇਂ ਦਿਹਾੜੇ ਟੁਟ ਜਾਣਗੇ।'

ਪਰ ਮੈਂ ਉਸ ਨੂੰ ਸਮਝਾਇਆ—ਵੀਰੇ ਹੁਣ ਮੈਂ ਕੀ ਜਾਵਾਂਗੀ ਏਥੋਂ। ਤੂੰ ਜਿਥੇ ਐਂ ਸੁਖੀ ਰਹੇਂ ਵੀਰੇ। ਮੇਰੇ ਕੋਲ ਤਾਂ ਏਥੇ ਈ ਬੜਾ ਕੁਝ ਐ ਮਨ ਲਗਾਉਣ ਨੂੰ। ਵਿਹਲ ਈ ਨੀ ਮਿਲਣੀ ਰੁਝੇਵਿਆਂ ਤੋਂ। ਹਾਂ, ਤੂੰ ਸੋਚ ਲਈਂ ਜੇ ਤੇਰੀ ਉਥੋਂ ਦੇ ਵਾਤਾਵਰਣ ਨਾਲ ਹੋਰ ਨਾ ਨਿਭ ਸਕੀ ਤਾਂ ਜਦ ਮਰਜ਼ੀ ਆ ਜਾਵੀਂ। ਤੇਰੀ ਸੁੱਖੀ ਤੇਰਾ ਇੰਤਜ਼ਾਰ ਕਰੇਗੀ।

17

ਕੁਝ ਦਿਨ ਬਾਅਦ ਇਕ ਨੌਜਵਾਨ ਮੋਟਰ ਸਾਈਕਲ ਤੇ ਆਇਆ। ਪਿਛੇ ਉਸ ਦੇ ਸਾਂਵਲੀ ਜਹੀ ਲੜਕੀ। ਮੈਂ ਤਾਂ ਦੋਹਾਂ ਨੂੰ ਪਛਾਣਾ।

ਲੜਕੀ ਕਹਿਣ ਲੱਗੀ, 'ਆਪ ਸੁੱਖੀ ਦੀਦੀ ਨਹੀਂ ਹੈਂ ਕਿਆ?'

—ਹਾਂ.. ਮੈਂ.. ਸੁੱਖੀ..

ਸਾਂਵਲੀ ਜਿਹੀ ਲੜਕੀ ਜਿਵੇਂ ਮੇਰੇ ਪੈਰਾਂ ਤੇ ਝੁਕ ਗਈ — ਲੜਕਾ ਵੀ।

ਮੈਂ ਹੈਰਾਨ।

'ਅਬ ਆਪ ਚਲਾਈਏਗਾ' ਲੜਕੀ ਦੀ ਅਵਾਜ਼ ਸੀ। ਨੌਜਵਾਨ ਨੇ ਨਮਸਕਾਰ ਕੀਤੀ ਤੇ ਹਵਾ ਹੋ ਗਿਆ।

ਹੁਣ ਮੈਂ ਤੇ ਉਹ ਸਾਂ, ਸਾਂਵਲੀ ਜਹੀ।

— ਤੁਹਾਡਾ ਨਾਂ?

'ਬਾਂਸੁਰੀ ਚੇਟਰਜੀ।'

ਮ... ਤਲਬ.. ਤੁਸੀਂ —

'ਜੀ ਮੈਂ ਬੰਗਾਲ ਸੇ ਹੂੰ। ਜੱਗੀ ਵਹੀਂ ਮਿਲਾ ਥਾ ਮੁਝੇ। ਫਿਰ ਮੁਝੇ ਉਧਰ ਸੇ ਪੰਜਾਬ ਭੇਜ ਦੀਆ ਗਿਆ ਪਾਰਟੀ ਪਾਲਿਟਿਕਸ ਕੇ ਸੰਬੰਧ ਮੇਂ'

— ਬੰਸਰੀ?

'ਜੀ ਹਾਂ, ਅਬ ਮੇਰੀ ਲੁਧਿਆਨਾ ਮੇ ਦੁਕਾਨ ਹੈ ਡਾਕਟਰੀ ਕੀ'

— ਬੰਸਰੀ।

'ਹਾਂ ਦੀਦੀ, ਜੱਗੀ ਨੇ ਮੇਰੇ ਬਾਰੇ ਮੇਂ ਬਤਾਯਾ ਹੋਗਾ?'

— ਨਹੀਂ, ਉਂਜ ਇਕ ਵਾਰ ਮੈਂ ਉਸ ਪਾਸ ਬੰਸਰੀ ਦੇਖੀ ਸੀ। ਸ਼ਰਮਾ ਕੇ ਕਹਿਣ ਲਗਾ ਕਿ ਬੰਸਰੀ ਸੰਗੀਤ ਦੀ ਪ੍ਰਤੀਕ ਹੈ ਤੇ ਸੰਗੀਤ ਜ਼ਿੰਦਗੀ ਹੈ —

ਸਾਂਵਲੀ ਜਿਹੀ ਲੜਕੀ ਸੁਰਖ ਹੋ ਗਈ ਸੀ।

ਤੇ ਫਿਰ ਪੰਦਰੀ-ਵੀਹੀਂ ਬੰਸਰੀ ਗੇੜਾ ਮਾਰਦੀ ਰਹੀ ਇਕ ਵਾਰ ਐਵੇਂ ਹੀ ਮੇਰੇ ਮੂੰਹੋਂ ਨਿਕਲ ਗਿਆ:

'ਕਿਆ ਕਹਾ ਦੀਦੀ?'

—ਮੈਂ ਕਿਹਾ ਸ਼ਾਦੀ ਕਰਵਾ ਲੈ ਤੂੰ।

'ਸ਼ਾਦੀ ਹੋ ਚੁਕੀ ਮੇਰੀ'

— ਜਾ ਝੂਠੀ! ਕਦੋਂ, ਕਿਸ ਨਾਲ?

'ਅਮੀਨ ਬੋਸ, ਵੋ ਭੀ ਕਾਮਰੇਡ ਹਮਾਰੇ। ਸ਼ਾਦੀ ਸੇ ਪਾਂਚਵੇਂ ਦਿਨ ਐਕਸੀਡੈਂਟ ਮੇ ਆ ਗਏ'

— ਬੰਸਰੀ!

'ਜੀ ਹਾਂ ਦੀਦੀ, ਹਮਾਰੀ ਬੇਟੀ ਭੀ ਹੈ — ਉਧਰ ਹੀ ਰਹਿਤੀ ਹੈ ਬੰਗਾਲ ਮੇਂ'

—ਕੀ ਨਾਂ ਏ ਉਸ ਦਾ? —

'ਸੰਭਾਵਨਾ'

—ਸੰਭਾਵਨਾ, ਕਿੱਡਾ ਪਿਆਰਾ ਨਾਂ ਏ। ਮੈਂ ਉਸ ਨੂੰ ਮਿਲਾਂਗੀ ਬੰਸਰੀ, ਜ਼ਰੂਰ ਮਿਲਾਂਗੀ—

18

ਤੇ ਏਸੇ ਤਰ੍ਹਾਂ ਪੂਰਾ ਵਰ੍ਹਾ ਗੁਜ਼ਰ ਗਿਆ। ਜੱਗੀ ਦੇ ਸਾਥੀਆਂ ਨੇ ਉਸ ਦੀ ਬਰਸੀ ਤੇ ਹੀ ਇਹ ਕਵੀ ਦਰਬਾਰ ਰਖਿਆ ਹੈ। ਪੰਜਾਬ ਭਰ ਤੋਂ ਕਵੀ ਆਏ ਹਨ। ਸਟੇਜ ਸਕੱਤਰ ਨੇ ਅਗਲੇ ਕਵੀ ਦਾ ਨਾਂ ਬੋਲਿਆ ਹੈ—ਇਹ ਵੀ ਮੇਰੇ ਜੱਗੀ ਦਾ ਬੜਾ ਨਜ਼ਦੀਕੀ ਦੋਸਤ ਸੀ।

ਬਸ ਇਕ ਦੋ ਕਵੀ ਹੋਰ ਰਹਿ ਗਏ ਹਨ।

ਰਾਤ ਵੀ ਅੱਧੀ ਚਲੀ ਗਈ ਹੈ।

ਪੌਣ ਹੁਣ ਵੀ ਮਿਰਗੀ ਦੇ ਮਰੀਜ਼ ਵਾਂਗ ਵਿਆਕੁਲ ਹੈ।

ਡੱਬ-ਖੜੱਬਾ ਸ਼ਾਮਿਆਨਾ ਝੂਲ ਰਿਹਾ ਹੈ।

ਵੰਝਾਂ ਨਾਲ ਚਮਗਿੱਦੜਾਂ ਵਾਂਗ ਪੁੱਠੇ ਲਟਕਦੇ ਲਾਟੂ

ਉਘਲਾ ਰਹੇ ਹਨ।

ਛੱਪੜ ਦੇ ਪਾਣੀਆਂ 'ਚ ਚੰਨ ਕੀਚਰ ਕੀਚਰ ਨੱਚ ਰਿਹਾ ਹੈ।

ਚਿਹਰਿਆਂ ਤੇ ਹੁਣ ਧੁੰਧਲਕਾ ਨਹੀਂ ਧੁੰਦ ਕਿਰਦੀ ਹੈ

ਬੋਹੜ ਤੇ ਬੈਠੀਆਂ ਗਿੱਧਾਂ ਸ਼ਾਇਦ ਉੱਘ ਗਈਆਂ ਹਨ

## ਅੰਤਿਕਾ

—ਬੰਸਰੀ।—

"ਜੀ ਦੀਦੀ"

—ਰਾਤ ਕਿੰਨੀ ਕੁ ਚਲੀ ਗਈ ਭਲਾ ?—

"ਸ਼ਾਇਦ ਆਧੀ ਸੇ ਜ਼ਿਆਦਾ"

—ਹਨੇਰੇ ਤੋਂ ਡਰ ਤਾਂ ਨਹੀਂ ਲਗਦਾ ?—

"ਡਰ ਕਾਹੇ ਕਾ ਦੀਦੀ ?"

—ਤੂੰ ਅਜੇ ਬਹੁਤ ਛੋਟੀ ਹੈਂ ਨਾ—

'ਤੋ ਕਿਆ ਹੂਆ ? ਬੜੋਂ ਕੇ ਸਾਏ ਮੇਂ ਤੋ ਰਹਿਤੀ ਹੂੰ'

—ਬੰਸਰੀ!—

"ਜੀ ਦੀਦੀ"

—ਤੂੰ ਮੇਰੇ ਪਾਸ ਕੀ ਕਰਨ ਆਉਨੀ ਐਂ ?—

"ਪਿਆਰ ਔਰ ਸ਼ਾਂਤੀ ਲੇਨੇ"

—ਪਰ ਮੈਨੂੰ ਤਾਂ ਇਹ ਦੋਨੋਂ ਸਾਰੀ ਉਮਰ ਨਾ ਮਿਲੇ!—

"ਇਸੀ ਲੀਏ ਕਿ ਆਪ ਇਨ੍ਹੇ ਦੂਸਰੋਂ ਮੇਂ ਬਾਂਟ ਦੇਤੀ ਰਹੀ ਹੈਂ"

— ਬੰਸਰੀ!—

"ਹਾਂ ਦੀਦੀ"

ਤੂੰ ਮੇਰੀ ਕੀ ਲਗਦੀ ਏਂ ?—

"ਆਪ ਕੀ ਬੱਚੀ ਔਰ ਛੋਟੀ ਬਹਿਨ, ਔਰ ਕਿਆ ?"

—ਪਰ ਤੇਰਾ ਮੇਰਾ ਇਹ ਰਿਸ਼ਤਾ ਬਣਿਆ ਕਿਵੇਂ—

"ਹਮ ਦੋਨੋਂ ਮੇਂ ਬਹੁਤ ਕੁਛ ਕਾਮਨ ਹੈ ਨ ਦੀਦੀ!

ਹਮ ਦੋਨੋਂ, ਦੋ ਵਿਧਵਾਏਂ, ਏਕ ਹੀ ਚੀਜ਼ ਸੇ ਹਾਥ ਧੋ ਬੈਠੀ ਹੈਂ। ਹਮ ਨੇ ਏਕ ਹੀ ਚੀਜ਼ ਗਵਾਈ ਹੈ। ਸ਼ੀਜ਼ ਦੀਦੀ ਹਿਅਰ ਆਰ ਟੂ ਲੂਜ਼ਰਜ਼, ਐਂਡ ਦੇਅਰ ਲਾਸ ਅਜ਼ ਕਾਮਨ"

—ਬੰਸਰੀ!—

"ਜੀ ਦੀਦੀ"

—ਤੂੰ ਬਹੁਤ ਚੁਸਤ ਐਂ ਬੰਗਾਲਣ ਜਾਦੂਗਰਨੀ ਏਂ। ਪਹਿਲਾਂ ਮੇਰੇ ਜੱਗੀ ਨੂੰ ਵਰਗਲਾ ਲਿਆ, ਹੁਣ ਮੈਨੂੰ। ਆ ਕੇ ਝਾਕਾ ਜਿਆ ਦੇ ਕੇ ਰਾਹ ਪੈਨੀ ਐਂ, ਮੈਥੋਂ ਨਹੀਂ ਪਿੰਡ ਪਿੰਡ ਦੀਆਂ ਕੁੜੀਆਂ ਕੱਤਰੀਆ ਵਜ ਹੁੰਦੀਆਂ ਹਰ ਵਾਰ। ਚਲ ਸਵੇਰੇ ਤੇਰਾ ਸਾਝ ਸਮਾਨ ਚੁਕ ਲਿਆਈਏ। ਲੁਧਿਆਣੇ ਪਹਿਲਾਂ ਈ ਬਥੇਰੇ ਡਾਕਟਰ ਨੇ, ਇਥੇ ਸਗੋਂ ਜ਼ਿਆਦਾ ਲੋੜ ਐ ਪਿੰਡਾਂ 'ਚ—

"ਮੁਝੇ ਅਪਨੇ ਪਾਸ ਰਖੋਗੀ ਦੀਦੀ ?"

—ਹਾਂ, ਔਹ ਸਾਹਮਣੀ ਬੈਠਕ ਤੇਰੀ ਹੋਵੇਗੀ। ਉਥੇ ਜੱਗੀ ਦੇ ਉਲੀਕੇ ਊਟ ਪਟਾਂਗ ਅੱਖਰ ਅਜੇ ਵੀ ਜਿਉਂ ਦੇ ਨੇ, ਤਦੇ ਮੈਂ ਉਥੇ ਸਫੇਦੀ ਨਹੀਂ ਕਰਾਈ। ਤੇ ਅਲਮਾਰੀ 'ਚ ਪਈ ਉਸ ਦੀ ਅੱਧ ਪਚੱਧ ਡਾਇਰੀ ਸ਼ਾਇਦ ਤੇਰਾ ਇੰਤਜ਼ਾਰ ਕਰ ਰਹੀ ਏ। ਵੇਖੀਂ ਭਲਾ, ਖਬਰੇ ਉਨ੍ਹਾਂ ਕਾਗਜ਼ਾਂ 'ਚ ਕਿਸੇ ਦਾਸਤਾਨ ਦੀ ਸੰਭਾਵਨਾ ਹੀ ਸੁਲਘਦੀ ਹੋਵੇ—

ਸੁਰਿੰਦਰਜੀਤ
ਅੰਗਰੇਜ਼ੀ ਵਿਭਾਗ
ਖਾਲਸਾ ਕਾਲਜ,
ਗੁਰੂ ਸਰ ਸਧਾਰ (ਲੁਧਿਆਣਾ)

---

ਆਪਣੇ ਪਹਿਲੇ ਹੀ ਰੂਪ
ਤੇ
ਵਿਚਾਰਧਾਰਾ
ਨੂੰ
ਬਰਕਰਾਰ ਰਖਦਾ ਹੋਇਆ
ਨਵੇਂ ਅਕਾਰ
ਵਿਚ
**'ਕਿੰਤੂ'**
ਫਿਰ
ਪੰਜਾਬੀ ਸਾਹਿਤ ਜਗਤ
ਵਿਚ
ਪ੍ਰਵੇਸ਼ ਕਰਦਾ ਹੈ।
ਜੂਨ ਅੰਕ ਮਾਰਕੀਟ ਵਿਚ
ਪੁਜ ਗਿਆ ਹੈ।
**ਕਿੰਤੂ** (ਮਾਸਕ)
ਇਕ ਪ੍ਰਤੀ : 1 ਰੁਪਈਆ
ਵਾਰਸ਼ਕ : 11 ਰੁਪਏ
ਸੰਪਾਦਕ : **ਸੀ. ਮਾਰਕੰਡਾ** / ਸਤਿਬੀਰ
ਅਗਨ ਦੂਤ ਪ੍ਰਕਾਸ਼ਨ ਤਪਾ—148108

**ਪੁਲ** / ਤੇਜਬੀਰ

ਮੈਂ ਤੇ ਪੁਲਾਂ 'ਤੇ ਖੜ੍ਹਕੇ
ਕੀਤੀ ਹੈ ਸੂਹੀ ਸਵੇਰ ਦੀ ਉਡੀਕ
ਪਾਣੀ ਆਉਂਦਾ ਵੀ ਤਕਿਆ
ਪਾਣੀ ਸੁਕਦਾ ਵੀ ਤਕਿਆ

ਸ਼ਾਇਦ ਦਰਿਆ ਨੂੰ ਕਤਲ ਕੀਤਾ ਹੈ
ਜਾਂ ਖੋਰੇ ਹਾਕਮਾਂ ਪਾ ਦਿੱਤਾ ਹੈ ਗਹਿਣੇ
ਜਾਂ ਆਦਰਾਂ ਦਾ ਰੁੱਗ ਭਰ
ਨਾਲ ਭੁਖ ਮੋਇਆ ਹੈ।

ਨਹੀਂ ਮਿਲਦਾ ਜੇ ਡਾਕਖਾਨੇ ਕਿਸੇ
ਸਰਨਾਵਾਂ ਦਰਿਆ ਦਾ,
ਬਾਝ ਧਰਤ ਵਿਚ ਗੁਆਚੇ
ਨਕਸ਼ ਦਰਿਆ ਦੇ
ਮੈਂ ਢੂੰਡ ਰਿਹਾ ਹਾਂ।

ਭਲਾ ਕਦ ਦਰਿਆਵਾਂ ਦੇ ਪਾਣੀ ਪਰਤੇ,
ਬਸ ਪੁਲ ਦਾ ਪਿੰਜਰ ਹੈ ਬਾਕੀ
ਜਾਂ ਦਰਿਆ ਦਾ ਸੁਪਨਾ।

ਜਦ ਤੱਤੀ ਲੂਅ ਵਗੇ
ਪਿੰਜਰ ਪੁਲ ਦਾ ਕੰਬੇ
ਤੇ ਬਾਝ ਧਰਤੀ ਜਿਵੇਂ ਪਾਗਲ
ਅਲਫ਼ ਨੰਗੀ ਔਰਤ
ਹਾਸਾ ਹਸੇ।

ਐਵੇਂ ਮਨ ਚੰਦਰੇ ਨੂੰ ਧਰਵਾਸ ਜੇਹਾ ਹੈ,
ਮੌਤ ਜੇਹੀ ਇਸ ਕਲਰੀ ਚੁਪ ਵਿਚ
ਸਾਹ ਰੋਲ ਰਿਹਾ ਹੈ—
ਸ਼ਾਇਦ ਪਰਤੇ ਸੂਹੀ ਸਵੇਰ
ਆਪਣਾ ਘੁੰਡ ਚਾਵੇ
ਤੇ ਪਾਣੀਆਂ ਨੂੰ ਅੱਗ ਲਾਵੇ।

ਜਾਂ ਸਾਡੇ ਲੇਖਾਂ ਵਿਚ ਲਿਖੀ
ਇਹ ਗੁਨਾਹਗਾਰ ਚੁਪ ਹੈ,
ਤੇ ਇਸ ਚੁਪ ਵਿਚ ਪਿਆ
ਪੁਲ ਦਾ ਕੰਗਰੋੜ।

ਜਾਂ ਕੰਗਰੋੜ ਦੇ ਜੋੜਾਂ ਨੂੰ
ਚੁੰਡ ਕੇ ਖਾਂਦੇ ਕਾਂ।

**ਪੰਜਾਬ ਮਾਤਾ** / ਹਮਦਰਦਵੀਰ ਨੌਸ਼ਹਿਰਵੀ

ਮਾਵਾਂ ਤਾਂ ਰੋਜ਼
ਸ਼ਾਹਾਂ ਦਾ ਪਾਣੀ ਭਰਦੀਆਂ ਨੇ
ਮਾਵਾਂ ਤਾਂ ਰੋਜ਼
ਬੇਪਤੀਆਂ ਜਰਦੀਆਂ ਨੇ
ਮਾਵਾਂ ਤਾਂ ਰੋਜ਼
ਅਣਰੋਈਆਂ ਮਰਦੀਆਂ ਨੇ।
ਅਜ ਇਹ ਕੌਣ ਮਰਿਆ ਹੈ ਕਿ
ਏਨਾ ਹਜੂਮ ਭਰਿਆ ਹੈ ?
ਬੜੇ ਸਾਲ ਹੋ ਗਏ ਹਨ
23 ਮਾਰਚ ਦੇ ਸਿਰਤਾਜ ਸ਼ਹੀਦ ਦੀ ਮਾਂ ਨੂੰ ਮਰਿਆਂ।
ਅਜ ਇਹ ਕੌਣ ਮਰਿਆ ਹੈ ?
ਹੋਵੇਗੀ ਕੋਈ ਧਨਾਢ ਸਰਕਾਰੀ ਔਰਤ
ਜੋ ਕਲ ਮਰੀ ਹੈ
ਉਹ ਭਗਤ ਸਿੰਘ ਦੀ ਮਾਂ ਨਹੀਂ ਸੀ
ਹੋਵੇਗੀ ਕੋਈ ਕਾਂਗਰਸ-ਮਾਂ
ਜੋ ਕਲ ਮਰੀ ਹੈ
ਉਹ ਲੋਕ-ਮਾਂ ਨਹੀਂ ਸੀ
ਹੋਵੇਗੀ ਕੋਈ ਸੱਤ ਬੱਚਿਆਂ ਦੀ ਮਾਂ
ਜੋ ਕਲ ਮਰੀ ਹੈ
ਉਹ ਪੰਜਾਬ-ਮਾਂ ਨਹੀਂ ਸੀ।
ਪੰਜਾਬ ਮਾਂ ਪੰਜਾਬ ਦੀ ਉਹ ਧਰਤੀ ਹੈ
ਜੋ ਭਗਤ ਸਿੰਘ ਦੇ ਅਰਥ ਸਚ ਕਰਦੀ ਹੈ।
ਭਗਤ ਸਿੰਘ ਉਤੇ ਚਿੱਟਾ, ਨੀਲਾ, ਪੀਲਾ
ਰੰਗ ਨਹੀਂ ਚੜ੍ਹ ਸਕਦਾ।
ਭਗਤ ਸਿੰਘ ਇਸ ਤਰਾਂ ਵਾਰ ਵਾਰ
ਨਹੀਂ ਮਰ ਸਕਦਾ।
ਭਗਤ ਸਿੰਘ 1947 ਦੇ ਮਾਲਕਾਂ ਦਾ
ਵਿਰਸਾ ਨਹੀਂ ਬਣ ਸਕਦਾ।
ਭਗਤ ਸਿੰਘ ਦੀ ਸੱਚੀ ਵਾਰਸ
ਪੰਜਾਬ ਮਾਂ ਜੀਊਂਦੀ ਹੈ।
ਅਜ ਇਹ ਕੌਣ ਮਰਿਆ ਹੈ ਕਿ
ਏਨਾ ਹਜੂਮ ਭਰਿਆ ਹੈ ?

**ਬੌਹੜ** / ਅਣਵਾਲ ਰਸੂਲਪੁਰੀ

ਮੈਂ ਇਕ ਖੂਬਸੂਰਤ ਗਰੀਬ ਲੜਕੀ ਨੂੰ
ਬੀਮਾਰ ਹੋ ਕੇ, ਕਮਜ਼ੋਰ ਹੋ ਕੇ
ਬਦਸੂਰਤ ਹੁੰਦਿਆਂ ਵੇਖਿਆ ਹੈ।

ਮੈਂ ਹੁਣ ਦੱਸ ਸਕਦਾ ਹਾਂ
ਖੂਬਸੂਰਤੀ ਦਾ ਵਾਸਤਾ
ਢਿੱਡ ਦੇ ਨਾਲ ਕਿੰਨਾ ਕੁ ਹੈ,
ਅਤੇ ਕਿਉਂ ਲੱਗਦੀਆਂ ਨੇ ਸੁਹਣੀਆਂ
ਅਮੀਰਾਂ ਦੀਆਂ ਕੁੜੀਆਂ ?
ਢਿੱਡ ਭਰਿਆ ਹੋਵੇ;
ਕਲ੍ਹ ਦੀ ਹੀ ਨਹੀਂ,
ਕੁਝ ਵਰ੍ਹਿਆਂ ਦੀ ਹੀ ਨਹੀਂ,
ਅਗਲੀ ਪੁਸ਼ਤ ਦੀ ਵੀ ਰੋਟੀ
ਠੰਡੀ ਤਿਜੌਰੀ ਵਿਚ ਬੰਦ ਹੋਵੇ,
ਤਦ ਚਿਹਰੇ ਤੇ ਜੋ ਚਮਕ ਰਹਿੰਦੀ ਹੈ
ਉਸ ਬੇਸ਼ਰਮੀ ਨੂੰ ਅਸੀਂ
ਖੂਬਸੂਰਤੀ ਕਹਿੰਦੇ ਹਾਂ।
ਤੇ ਜਦ
ਆਪਣੇ ਹੀ ਅੰਗ ਨੂੰ
ਅੰਗ ਖਾ ਰਿਹਾ ਹੋਵੇ,
ਜੀਭ ਚਟ ਰਹੀ ਹੋਵੇ ਬੁਲ੍ਹਾਂ ਨੂੰ
ਮਾਸ ਖਾ ਰਿਹਾ ਹੋਵੇ ਚਰਬੀ ਨੂੰ,
ਅਤੇ ਖੜੀ ਦੁਪਹਿਰੇ
ਹਨੇਰਾ ਪਸਰ ਰਿਹਾ ਹੋਵੇ
ਅੱਖਾਂ ਸਾਹਮਣੇ,
ਅਤੇ ਪਾਣੀ ਨਾਲ ਭਰਿਆ ਗਿਆ ਹੋਵੇ
ਢਿੱਡ ਦੇ ਬਲੈਡਰ ਨੂੰ,
ਤਦ ਚਿਹਰੇ ਤੇ ਜੋ
ਬੇਨੂਰੀ ਅੰਦੀ ਹੈ
ਉਸ ਨੂੰ ਅਸੀਂ ਮਜਬੂਰੀ ਨਹੀਂ,
ਬਦਸੂਰਤੀ ਸਮਝਦੇ ਹਾਂ
ਹੁਣ ਤੂੰ ਹੀ ਦੱਸ,
ਖੂਬਸੂਰਤੀ ਤੇ ਬਦਸੂਰਤੀ ਦਾ ਸਬੰਧ
ਕਿਸ ਨਾਲ ਹੈ,
ਲੱਕ 'ਤੇ ਨੱਚਦੀ ਹੋਈ ਚਰਬੀ ਨਾਲ
ਜਾਂ ਪਸਲੀ ਹੇਠ ਵਧੇ ਹੋਏ ਲੀਵਰ ਨਾਲ
ਜਾਂ ਤੇਰੇ ਵਿਚ ਫੈਲਰਦੇ
ਤਰਮਾਂ ਦੇ ਬੋਹੜ ਨਾਲ ?

**ਗ਼ਜ਼ਲ / ਸਤਵਰਗ**

ਜ਼ਬਾਨ ਉੱਤਲਾ ਸੱਚ ਨਹੀਂ ਲਕੋਇਆ ਜਾਂਦਾ ਦੋਸਤੋ !
ਪਲ-ਪਲ ਦੇ ਬਾਦ ਨਹੀਂ ਮੋਇਆ ਜਾਂਦਾ ਦੋਸਤੋ !
ਬੇਚੈਨੀ ਦੇ ਸੋਮਿਆਂ ਦੇ ਪੱਤਣਾਂ ਤੇ ਬੈਠਕੇ,
ਚੈਨ ਦਾ ਮੁਹਾਵਰਾ ਨਹੀਂ ਪੋਇਆ ਜਾਂਦਾ ਦੋਸਤੋ !
ਸ਼ਰਾਬ ਦੇ ਪਿਆਲੇ ਵਿਚ ਗਮਾਂ ਨੂੰ ਭੁਲਾਉਣ ਲਈ,
ਮੈਥੋਂ ਹੁਣ ਆਪਾ ਨਹੀਂ ਖੋਇਆ ਜਾਂਦਾ ਦੋਸਤੋ !
ਗਰਜ਼ਾਂ ਦੇ ਰਿਸ਼ਤਿਆਂ ਤੋਂ ਅਜ ਮੈਂ ਬਾਗੀ ਹੋਇਆ,
ਇਹਨਾਂ ਵਿਚ ਕੈਦ ਨਹੀਂ ਹੋਇਆ ਜਾਂਦਾ ਦੋਸਤੋ !
ਮੁਸ਼ਕੀ ਹੋਈ ਜ਼ਿੰਦਗੀ ਨੂੰ ਮੋਢਿਆਂ ਉੱਪਰ ਚੁਕ ਕੇ,
ਚੌਂਕ ਦੇ ਵਿਚਕਾਰ ਨਹੀਂ ਖੜੋਇਆ ਜਾਂਦਾ ਦੋਸਤੋ।
ਚਾਵਾਂ ਅਤੇ ਸੁਪਨਿਆਂ ਦੇ ਸੱਥਰਾਂ ਤੇ ਬੈਠਕੇ,
ਮੈਥੋਂ ਹੁਣ ਹੋਰ ਨਹੀਂ ਰੋਇਆ ਜਾਂਦਾ ਦੋਸਤੋ।
ਕੀਮਤਾਂ ਪੁਰਾਣੀਆਂ ਮੁਕਾਣਾਂ ਦੀਆਂ ਆਦੀ ਹੋਇਆਂ,
ਦਲਹੀਜ ਉਤੇ ਲਹੂ ਨਹੀਂ ਚੋਇਆ ਜਾਂਦਾ ਦੋਸਤੋ।
ਪਿੰਡਾਂ ਦੀਆਂ ਜੂਹਾਂ ਵਿਚ ਪੂਰਬ ਤੋਂ ਲਾਲੀ ਆਈ,
ਦਰ ਇਹਦੇ ਕੋਲੋਂ ਨਹੀਂ ਢੋਇਆ ਜਾਂਦਾ ਦੋਸਤੋ।
ਬੀਜ ਬਣ ਗਲ ਜਾਣਾ ਸਮਾਂ ਉਪਜਾਊ ਡਾਢਾ,
ਬਗ਼ਾਵਤਾਂ ਦਾ ਤੱਤ ਨਹੀਂ ਲਕੋਇਆ ਜਾਂਦਾ ਦੋਸਤੋ।

---

**ਗੀਤ / ਨਿਰਮਲ**

ਰੁਤ ਬਦਲੀ ਬਈ ਰੁਤ ਬਦਲੀ,
ਪੱਤਿਆਂ ਨੇ ਝੜ ਜਾਣਾ ਏ।
ਪੀਲੇ ਹੋ ਹੋ ਡਿੱਗਣ ਪੁਰਾਣੇ,
ਨਵਿਆਂ ਨੇ ਹੁਣ ਆਣਾ ਏ।
ਜੇ ਕੋਈ ਆਖੇ ਰੁਤ ਨਾ ਬਦਲੇ,
ਨਾ ਜਾਗੇ ਇਨਸਾਨ।
ਜੇ ਕੋਈ ਆਖੇ ਨਾ ਸੂਰਜ ਚੜ੍ਹਨਾ,
ਨਾ ਉਠਣਾ ਤੂਫ਼ਾਨ।
ਨਾ ਮੁਠੀ ਵਿਚ ਰੁਤ ਮੌਸਮਾਂ,
ਮੈਂ ਉਸ ਨੂੰ ਸਮਝਾਣਾ ਏ।
ਰੁੱਤ ਬਦਲੀ ਬਈ ! ਰੁੱਤ ਬਦਲੀ,
ਪੱਤਿਆਂ ਨੇ ਝੜ ਜਾਣਾ ਏ।
ਪੀਲੇ ਹੋ ਹੋ ਡਿੱਗਣ ਪੁਰਾਣੇ,
ਨਵਿਆਂ ਨੇ ਹੁਣ ਆਣਾ ਏ।
ਜੇ ਕੋਈ ਸਮੇਂ ਤੋਂ ਪਹਿਲਾਂ ਆਵੇ,
ਉਹ ਅੱਧ ਖਿੜਿਆ ਫੁਲ ਰਹਿ ਜਾਵੇ।
ਕੀ ਉਹਦੀ ਕਿਸੇ ਸਿਫਤ ਹੈ ਕਰਨੀ,
ਹਵਾ ਲਗੀ ਤੋਂ ਜੋ ਝੜ ਜਾਵੇ।
ਚਿੱਕੜ ਦੇ ਵਿਚ ਲੱਥ-ਪੱਥ ਹੋਕੇ,
ਕੀ ਉਸ ਹੁਸਨ ਖਿੜਾਣਾ ਏ।
ਰੁੱਤ ਬਦਲੀ ਬਈ ਰੁੱਤ ਬਦਲੀ,

ਪੱਤਿਆਂ ਨੇ ਝੜ ਜਾਣਾ ਏ।
ਪੀਲੇ ਹੋ ਹੋ ਡਿੱਗਣ ਪੁਰਾਣੇ,
ਨਵਿਆਂ ਨੇ ਹੁਣ ਆਣਾ ਏ।
ਜੇ ਕੋਈ ਆਖੇ ਭੁੱਖਿਆਂ ਨੰਗਿਆਂ,
ਕੀ ਰਾਜ ਨੂੰ ਖੋਹਣਾ।
ਜੇ ਕੋਈ ਕਰੇ ਘੁਮੰਡ ਗਿਆਨ ਦਾ,
ਪੈਜੂ ਨੀਵਾਂ ਹੋਣਾ।

ਯਾਦ ਰਖੋ ਅਸੀਂ ਭੁੱਖਿਆਂ ਨੰਗਿਆਂ,
ਮੰਜ਼ਲ ਤੇ ਕਦਮ ਟਿਕਾਣਾ ਏ।
ਰੁੱਤ ਬਦਲੀ ਬਈ ਰੁੱਤ ਬਦਲੀ,
ਪੱਤਿਆਂ ਨੇ ਝੜ ਜਾਣਾ ਏ।
ਪੀਲੇ ਹੋ ਹੋ ਡਿੱਗਣ ਪੁਰਾਣੇ,
ਨਵਿਆਂ ਨੇ ਹੁਣ ਆਣਾ ਏ।

———

(ਸਫਾ 36 ਦੀ ਬਾਕੀ)

**6. ਸਰਦਲ ਬਾਰੇ**—ਪਿਛਲੇ ਦੋ ਸਾਲਾਂ ਤੋਂ ਸਰਦਲ ਪੜ੍ਹਦਾ ਆ ਰਿਹਾ ਹਾਂ। ਸਾਹਿਤਕ ਪੱਖ ਵਿਚ ਨਵੇਂ ਉੱਭਰ ਰਹੇ ਲੇਖਕਾਂ ਦੀਆਂ ਰਚਨਾਵਾਂ ਛਾਪਣਾ 'ਸਰਦਲ' ਦੀ ਇਕ ਵਧੀਆ ਸਮਝ ਹੈ। ਅਗੇ ਵਾਸਤੇ ਲੋਕ ਪੱਧਰ ਦੇ ਗੀਤ ਤੇ ਤੁਕਬੰਦ ਕਵਿਤਾਵਾਂ ਦਿਤੀਆਂ ਜਾਣ ਤਾਂ ਬਹੁਤ ਵਧੀਆ ਗੱਲ ਹੋਵੇਗੀ। ਸਿਆਸੀ ਪੱਖ ਵਿਚ ਸੀ.ਪੀ.ਆਈ ਤੇ ਸੀ.ਪੀ.ਐਮ ਦੇ 'ਕਾਮਰੇਡਾਂ' ਨੂੰ ਛਾਪਣ ਦਾ ਕੋਈ ਫਾਇਦਾ ਨਹੀਂ, ਲੋਕ ਇਨ੍ਹਾਂ ਦੇ 'ਇਨਕਲਾਬ' ਤੋਂ ਜਾਣੂ ਹੋ ਚੁੱਕੇ ਹਨ। ਇਨ੍ਹਾਂ ਦੀ ਥਾਂ ਲੋਕਾਂ ਨੂੰ ਹੋਰ ਚੰਗਾ ਮੈਟਰ ਦਿਤਾ ਜਾ ਸਕਦੈ। / ਨਛੱਤਰ ਸਿੱਧੂ—ਪਿੰਡ ਤੇ ਡਾਕ: ਸੇਮਾਂ, (ਬਠਿੰਡਾ)

**7. ਅਣਤੋਲਿਆ ਝੂਠ**—ਝੂਠ ਕਿਸੇ ਦੇ ਪਿਉ ਦਾ ਨਹੀਂ ਹੁੰਦਾ, ਇਸੇ ਕਹਾਵਤ ਤੇ ਅਧਾਰਤ, ਮਈ 75 ਦੇ ਜਾਗਰਤੀ ਵਿਚ ਗਿਆਨੀ ਜੀ ਦੀ ਸਰਕਾਰ ਦੀਆਂ 'ਪ੍ਰਾਪਤੀਆਂ' ਪੜ੍ਹਨ ਦਾ ਮੌਕਾ ਮਿਲਿਆ, ਪ੍ਰਾਪਤੀਆਂ ਤਾਂ ਜੋ ਹੋਈਆਂ ਨੇ ਕਿਸੇ ਕੋਲੋਂ ਲੁਕੀਆਂ ਛੁਪੀਆਂ ਨਹੀਂ, ਪਰ ਫੇਰ ਵੀ ਅਨਤੋਲੇ ਝੂਠ ਦਾਂ ਅੰਦਾਜ਼ਾ ਤਾਂ ਲਾਉਣਾ ਹੀ ਚਾਹੀਦਾ ਹੈ।

ਛੋਟੇ ਕਿਸਾਨਾਂ ਨੂੰ ਕਰਜ਼ੇ ਦੇਣ ਦੀ ਡੀਂਗ ਬਹੁਤ ਪੂਛ ਚੁਕ ਕੇ ਮਾਰੀ ਹੈ। ਤੇ ਉਹਨਾਂ ਹੀ ਕਿਸਾਨਾਂ ਦੇ ਘਰਾਂ ਵਿਚ ਖਾਣ ਜੋਗੀ ਕਣਕ ਨਹੀਂ ਆਈ, ਜਿਨ੍ਹਾਂ ਦੀਆਂ ਕਰਜ਼ੇ ਦੀਆਂ ਕਿਸ਼ਤਾਂ ਦੇ ਬਦਲੇ ਵਿਚ ਉਹਨਾਂ ਦਾ ਮਾਲ ਡੰਗਰ ਤੇ ਬਾਲ ਬੱਚੇ, ਅਧਿਕਾਰੀ ਪੁਲਸ ਦੀ ਮਦਦ ਨਾਲ ਥਾਣੇ ਲਿਜਾ ਰਹੇ ਹਨ। ਤੇ ਕਿਸਾਨਾਂ ਨਾਲ ਸਰ੍ਹੇਆਮ ਨਜਾਇਜ਼ ਕਰ ਰਹੇ ਹਨ। ਲੋਕ ਬਿਨਾਂ ਇਲਾਜ ਤੋਂ ਕਰਾਹ ਕਰਾਹ ਕੇ ਮਰ ਰਹੇ ਨੇ ਤੇ ਇਹਨਾ ਮੈਡੀਕਲ ਮੰਥਨ ਖਰੇ ਅਕਾਸ਼ ਵਿਚ ਸ਼ੁਰੂ ਕੀਤਾ ਹੋਇਆ, ਜੇਕਰ 10 ਕੁ ਮੀਲਾਂ ਤੇ ਕੋਈ ਸਰਕਾਰੀ ਡਿਸਪੈਂਨਸਰੀ ਹੈ ਵੀ ਤਾਂ ਦਵਾ ਪੈਸਿਆਂ ਤੋਂ ਬਿਨਾਂ ਨਹੀਂ ਦਿੰਦੇ, ਸ਼ਕਾਇਤ ਕਿਸ ਕੋਲ ਕਰੀਏ, ਇਥੇ ਤਾਂ 'ਰੱਬ' ਵੀ ਸਾਲਾ ਬੇਈਮਾਨ ਏ, ਗਿਆਨੀ ਜੀ ਹੋਰਾਂ ਦੁਨੀਆਂ ਭਰ ਨਾਲੋਂ ਔਸਤਨ ਮਰਨ ਉਮਰ ਘੱਟਾ ਕੇ ਰੱਖ ਦਿੱਤੀ ਜੇ (ਸਿਰਫ ਕਲਮ ਨਾਲ) ਉਂਜ ਤਾਂ ਅਜ ਹੀ 'ਖਾਲਸ ਖੁਰਾਕ' ਨਾਲ ਕੋਈ ਵਿਰਲਾ ਹੀ ਉਮਰ ਭੋਗਦਾ ਏ।

ਇਕ ਹੋਰ ਖੁਸ਼ੀ ਦੀ ਗੱਲ ਜੇ। ਪਲਾਟ ਮਿਲਣੇ ਸ਼ੁਰੂ ਹੋਏ ਨੇ। ਪਹਿਲਾਂ ਗੱਲ ਤਾਂ ਇਹ ਕਿ ਇਹ ਬਿਲਕੁਲ ਜੰਤਾ ਨੂੰ ਬੁਧੂ ਬਨਾਉਣ ਲਈ ਇਹੋ ਜਿਹੇ ਮਿੱਠੇ ਜਿਹੇ ਨਾਹਰਿਆਂ ਨਾਲ ਹੀ ਫੂਕ ਦਈ ਰਖਦੇ ਹਨ। ਮੈਂ ਅਜੇ ਤਕ ਕਿਸੇ ਪਿੰਡ ਵਿਚ ਪਲਾਟਾਂ ਵਾਲੀ ਸਕੀਮ ਵੇਖੀ ਨਹੀਂ। ਦੱਸਦੇ ਨੇ ਬਈ ਇਸ ਚਾਲ ਨਾਲ ਕੰਮੀਆਂ ਕੋਲੋਂ ਵੱਡੇ ਵੱਡੇ ਡੂੰਘੇ ਛੱਪੜ ਭਰਵਾਉਣੇ ਨੇ।

ਅਗੇ ਜਾਕੇ ਛੱਪੜ ਵਿਚ ਨਾਲੀ ਕੱਢੀ ਨੇ। ਕਿ ਬੱਚਿਆਂ ਦੀਆਂ ਠੀਸਾਂ ਮੋੜੀਆਂ ਜਾਂਦੀਆਂ ਨੇ। ਕਹਿੰਦੇ ਨੇ ਝੂਠ ਮਾਰਨ ਵਾਲਾ ਕੀੜੇ ਪੈ ਕੇ ਮਰਦਾ ਹੁੰਦਾ, ਪਰ ਇਥੇ ਤਾਂ ਝੂਠ ਬੋਲਣ ਵਾਲੇ ਕੀੜੇ ਪਾਕੇ ਮਰਦੇ ਨੇ। ਜੇਕਰ ਕਿਸੇ ਦਾ ਕੋਈ ਮਿੱਤਰ ਰਿਕਸ਼ੇ ਵਾਲਾ ਹੋਵੇ ਤਾਂ ਉਹਨੂੰ ਫੌਰਨ ਕਹਿ ਦੇਵੇ ਕੇ ਤੇਰੇ ਰਿਕਸ਼ੇ ਵਿਚ ਇੰਜਨ ਫਿਟ ਹੋਣ ਹੀ ਵਾਲਾ ਈ। ਅਗੇ ਭਾਵੇਂ ਉਹ 4 ਰੁਪੈ ਦਿਹਾੜੀ ਤੇ ਰਿਕਸ਼ਾ ਕਰਾਏ ਤੇ ਲਿਆਉਂਦਾ ਹੋਵੇ।

ਪਰਮਾਤਮਾ ਪਾਰਸ, ਪਿੰਡ ਤੇ ਡਾਕਖਾਨਾ ਗੰਡੀ ਵਿੰਡ, ਜ਼ਿਲਾ ਅੰਮ੍ਰਿਤਸਰ।

# ਔਰਤ ਦੀ ਸਮਾਜਿਕ ਅਜ਼ਾਦੀ ਬਾਰੇ*

(ਨਿਰਮਲ ਆਜ਼ਾਦ)

(1)

ਮੌਜੂਦਾ ਬੁਰਜੂਆ ਸਮਾਜ, ਗਰੀਬੀ ਅਤੇ ਜ਼ੁਲਮ ਦੇ ਅਨੇਕਾਂ ਪੱਖਾਂ, ਜਿਹੜੇ ਪ੍ਰਤੱਖ ਤੌਰ ਤੇ ਦੇਖੇ ਨਾ ਜਾ ਸਕਣ, ਨੂੰ ਲੁਕਾਈ ਰੱਖਦਾ ਹੈ। ਕਾਰਖਾਨਿਆਂ ਤੇ ਖੇਤਾਂ ਵਿਚ ਕੰਮ ਕਰਨ ਵਾਲੇ ਮਜ਼ਦੂਰ, ਦਸਤਕਾਰ (ਕਾਰੀਗਰ), ਮੱਧ ਸ਼੍ਰੇਣੀ (ਪੇਂਡੂ ਤੇ ਸ਼ਹਿਰੀ) ਦੇ ਲੋਕ ਅਤੇ ਹੋਰ ਛੋਟੇ ਛੋਟੇ ਕੰਮ-ਧੰਦੇ ਕਰਨ ਵਾਲੇ ਸਰਕਾਰੀ ਤੇ ਗੈਰ-ਸਰਕਾਰੀ ਮੁਲਾਜ਼ਮ ਸਰਮਾਏਦਾਰ ਸਮਾਜ ਵਿਚ ਬੜੀ ਮੁਸ਼ਕਲ ਨਾਲ ਆਪਣਾ ਗੁਜ਼ਾਰਾ ਕਰਦੇ ਹਨ। ਇਹਨਾਂ ਘਰਾਂ ਦੀਆਂ ਲੱਖਾਂ ਔਰਤਾਂ, ਇਕ ਨੱਖਿਧ ਜਿਹੀ ਅਤੇ 'ਘਰ ਦੀ ਗੁਲਾਮੀ'' ਦੀ ਜ਼ਿੰਦਗੀ ਜੀਂਦੀਆਂ ਹਨ। ਮਨੁੱਖ ਦੇ ਸਾਰੇ ਇਤਿਹਾਸ ਵਿਚ ਦਬੇ-ਕੁਚਲੇ ਲੋਕਾਂ (ਬਹੁ-ਗਿਣਤੀ) ਨੇ ਹਮੇਸ਼ਾ, ਪਹਿਲਾਂ ਆਪਣੀ ਕਿਰਤ ਨੂੰ (ਬਿਨਾਂ ਯੋਗ ਮੁਆਵਜ਼ੇ ਦੇ) ਅਤੇ ਫਿਰ ਕਈਆਂ ਹਾਲਤਾਂ ਵਿਚ ਆਪਣੀਆਂ ਔਰਤਾਂ ਨੂੰ ਵੀ ਆਪਣੇ ਲੋਟੂਆਂ (ਮਾਲਕਾਂ) ਦੇ ਹਵਾਲੇ ਕੀਤਾ। ਗੁਲਾਮ ਸਮਾਜ, ਸਾਮੰਤਵਾਦ ਸਮਾਜ ਅਤੇ ਸਰਮਾਏਦਾਰ ਸਮਾਜ, ਸਭ ਵਿਚ ਹਾਲਾਤ ਇਵੇਂ ਹੀ ਰਹੇ, ਦਬੇ-ਕੁਚਲੇ ਲੋਕਾਂ ਦੀ ਲੁਟ ਇਵੇਂ ਹੀ ਹੋਈ, ਫਰਕ ਸਿਰਫ ਇਸ ਲੁਟ ਦੇ ਤਰੀਕਿਆਂ ਵਿਚ ਹੀ ਪਿਆ।

ਜਿਸ ਸਮਾਜ ਵਿਚ ਵੀ ਪੈਦਾਵਾਰ ਦੇ ਮੁਢਲੇ ਸਾਧਨਾਂ ਤੇ ਨਿਜੀ ਮਾਲਕੀਅਤ ਹੋਵੇ, ਉਸ ਜਮਾਤੀ-ਸਮਾਜ ਵਿਚ ਪੈਸਾ ਰਾਜ ਕਰਦਾ ਹੈ ਅਤੇ ਹਰ ਅਜਿਹੇ ਸਮਾਜ ਵਿਚ ਪੈਦਾਵਾਰ ਦੇ ਸਾਧਨਾਂ ਤੇ ਨਿਜੀ ਮਾਲਕੀਅਤ ਰੱਖਦੀਆਂ ਜਮਾਤਾਂ, ਹੁਕਮਰਾਨ ਤੇ ਕਾਬਜ਼ ਜਮਾਤਾਂ ਹੁੰਦੀਆਂ ਹਨ। ਅਜਿਹੇ ਜਮਾਤੀ ਸਮਾਜਾਂ ਵਿਚ ਹਮੇਸ਼ਾ ਮਰਦ ਦੀ ਆਰਥਿਕ ਤੇ ਸਮਾਜਿਕ ਪੁਜ਼ੀਸ਼ਨ ਔਰਤ ਤੋਂ ਜ਼ਿਆਦਾ ਬਿਹਤਰ ਹੁੰਦੀ ਹੈ।

ਇਕ ਸਰਮਾਏਦਾਰ ਸਮਾਜ (ਜੋ ਹਮੇਸ਼ਾ ਇਕ ਜਮਾਤੀ ਸਮਾਜ ਹੁੰਦਾ ਹੈ, ਕਿਉਂਕਿ ਕੁਝ ਕੁ ਦੀ ਪੈਦਾਵਾਰ ਦੇ ਮੁਢਲੇ ਸਾਧਨਾਂ ਤੇ ਨਿਜੀ ਮਾਲਕੀਅਤ ਹੁੰਦੀ ਹੈ) ਵਿਚ ਹਾਕਮ ਜਮਾਤਾਂ ਚਾਹੇ ਜਿਤਨਾ ਮਰਜ਼ੀ ਸਿਆਸੀ ਅਜ਼ਾਦੀ ਦਾ ਢੰਡੋਰਾ ਪਿਟਣ, ਫਿਰ ਵੀ ਇਸ ਜਮਾਤੀ-ਸਮਾਜ ਵਿਚ ਹਮੇਸ਼ਾ ਮਜ਼ਦੂਰ ਜਮਾਤ ਗੁਲਾਮੀ ਦੀ ਜ਼ਿੰਦਗੀ ਅਤੇ ਔਰਤਾਂ ਇਕ ਸਮੂਹ ਦੇ ਰੂਪ ਵਿਚ ਦੋਹਰੀ ਗੁਲਾਮੀ (ਸਮਾਜਿਕ ਢਾਂਚੇ ਅਤੇ ਮਰਦ ਦੀ ਗੁਲਾਮੀ) ਦੀ ਜ਼ਿੰਦਗੀ ਜੀ ਰਹੀਆਂ ਹੁੰਦੀਆਂ ਹਨ।

ਇਕ ਬੁਰਜੂਆ ਸਮਾਜ ਦੀ ਸਿਆਸਤ ਵਿਚ ਗਰੀਬ ਵਰਗਾਂ ਨੂੰ ਅਤੇ ਔਰਤਾਂ ਨੂੰ ਹਿੱਸਾ ਲੈਣ ਦੇ ਮੌਕੇ ਨਹੀਂ ਮਿਲਦੇ ਅਤੇ ਨਾ ਹੀ ਢੰਗ ਹੁੰਦਾ ਹੈ। ਬੁਰਜੂਆ ਸਮਾਜ ਦੀ ਰਿਆਸਤ ਅਤੇ ਇਸ ਦੀਆਂ ਸਿਆਸੀ ਸੰਸਥਾਵਾਂ ਦੇ ਕੰਮਾਂ ਨੂੰ ਜਾਣ-ਬੁਝ ਕੇ ਗੁੰਝਲਦਾਰ ਬਣਾਇਆ ਜਾਂਦਾ ਹੈ ਅਤੇ ਫਿਰ ਜੋ ਸਿਖਲਾਈ (ਅਮਲ ਰਾਹੀਂ) ਅਜਿਹੇ ਸਮਾਜ ਦੀ ਸਿਆਸਤ ਵਿਚ ਹਿੱਸਾ ਲੈਣ ਲਈ ਲੋੜੀਂਦੀ ਬਣ ਜਾਂਦੀ ਹੈ, ਔਰਤਾਂ ਨੂੰ ਇਕ ਸਮੂਹ ਦੇ ਰੂਪ ਵਿਚ ਅਜਿਹੀ ਸਿਖਲਾਈ ਤੋਂ ਵਾਂਝਿਆਂ ਰੱਖਿਆ ਜਾਂਦਾ ਹੈ। ਅਜਿਹਾ ਕਰਨਾ ਔਰਤਾਂ ਦੇ ਹਿਸੇ ਅਜਿਹੇ ਜਮਾਤੀ-ਸਮਾਜ ਵਿਚ ਲਾਏ ਕੰਮਾਂ ਕਰਕੇ ਜ਼ਰੂਰੀ ਵੀ ਹੋ ਜਾਂਦਾ ਹੈ।

ਇਕ ਬਹੁਤ ਵਿਕਸਤ ਅਤੇ ਸਿਆਸੀ ਪੱਖੋਂ ਅਗਾਂਹ ਵਧੂ ਬੁਰਜੂਆ ਸਮਾਜ ਵਿਚ ਵੀ ਔਰਤ ਦੀ ਸਮਾਜਿਕ (ਆਰਥਿਕ ਅਤੇ ਸਿਆਸੀ) ਆਜ਼ਾਦੀ ਅਖੌਤੀ ਜਿਹੀ ਹੀ ਹੁੰਦੀ ਹੈ ਕਿਉਂਕਿ ਔਰਤ ਵਰਗ ਦੀਆਂ ਹਾਲਤਾਂ ਤੇ ਲਾਗੂ ਹੋਣ ਵਾਲੇ ਕਾਨੂੰਨ ਜਮਾਤੀ-ਸਮਾਜ ਦੇ ਕਾਨੂੰਨ ਹੁੰਦੇ ਹਨ ਅਤੇ ਉਹ ਔਰਤਾਂ ਨੂੰ ਮਰਦਾਂ ਦੇ ਬਰਾਬਰ ਕਦੀ ਵੀ ਹੱਕ ਨਹੀਂ ਦਿੰਦੇ। ਅਗਰ ਕੁਝ ਕੁ ਹੱਕ ਕਾਨੂੰਨ ਦੁਆਰਾ ਮੰਨੇ ਵੀ ਗਏ ਹੋਣ, ਤਾਂ ਵੀ ਅਮਲ ਵਿਚ ਔਰਤ-ਵਰਗ ਦਾ ਬਹੁਤਾ ਹਿੱਸਾ ਹਮੇਸ਼ਾ ਅਜਿਹੇ ਹੱਕਾਂ ਦੀ ਵਰਤੋਂ ਤੋਂ ਵਾਂਝਿਆਂ ਰਹਿ ਜਾਂਦਾ ਹੈ, ਕਿਉਂਕਿ ਬੁਰਜੂਆ ਸਮਾਜ ਚਾਹੇ ਕਿੰਨਾ ਵੀ ਵਿਕਸਤ ਅਤੇ

---

*ਲੇਖਕ ਸਹਿਯੋਗ ਲਈ ਮਿਸ ਬਲਬੀਰ ਬਰਾੜ ਦਾ ਧੰਨਵਾਦੀ ਹੈ।

ਬੁਰਜੂਆ ਸਿਆਸੀ ਢਾਂਚਾ ਚਾਹੇ ਕਿੰਨਾ ਵੀ ਅਗਾਂਹ-ਵਧੂ ਕਿਉਂ ਨਾ ਹੋਵੇ, ਵਿਚ ਕਾਨੂੰਨ ਕਦੀ ਵੀ ਅਮਲ ਵਿਚ ਪੂਰੇ ਲਾਗੂ ਨਹੀਂ ਕੀਤੇ ਜਾਂਦੇ। ਸੋ, ਕਹਿਣ ਨੂੰ ਤਾਂ ਬੁਰਜੁਆ ਸਮਾਜ ਵਿਚ ਔਰਤ ਅਤੇ ਮਰਦ ਦੀ ਬਰਾਬਰਤਾ ਤੇ ਆਜ਼ਾਦੀ ਦੇ ਦਾਅਵੇ ਕੀਤੇ ਜਾਂਦੇ ਹਨ, ਪਰ ਅਮਲ ਵਿਚ ਅਜਿਹਾ ਕਦੀ ਨਹੀਂ ਹੋਇਆ ਅਤੇ ਨਾ ਹੀ ਹੋ ਸਕਦਾ ਹੈ। ਆਪਣੇ ਹੀ ਰੀਤਾਂ ਰਿਵਾਜਾਂ ਅਤੇ ਕਾਨੂੰਨਾਂ ਰਾਹੀਂ ਅਜਿਹਾ ਸਮਾਜ ਕਦੀ ਵੀ ਔਰਤ ਦੀ ਮਰਦ ਤੇ ਨਿਰਭਰਤਾ ਨੂੰ ਅਤੇ ਔਰਤ ਤੇ ਮਰਦ ਦੇ ਜ਼ੁਲਮ ਨੂੰ ਖਤਮ ਨਹੀਂ ਕਰ ਸਕਦਾ।

ਬੁਰਜੂਆ ਸਮਾਜ ਵਿਚ ਔਰਤ ਦੀ ਅਖੌਤੀ ਕਾਨੂੰਨ ਬਰਾਬਰਤਾ ਤੇ ਆਜ਼ਾਦੀ ਦੇ ਬਾਵਜੂਦ ਵੀ ਔਰਤਾਂ ਨੂੰ ਘਰ ਦੇ ਵਾਤਾਵਰਨ ਦਾ ਗੁਲਾਮ ਬਣ ਕੇ ਰਹਿਣਾ ਪੈਂਦਾ ਹੈ। ਘਰ ਵਿਚ ਕੰਮ ਬਹੁਤ ਜ਼ਿਆਦਾ, ਬੇ-ਸੁਆਦ ਤੇ ਅਕਾਊ, ਅਤੇ ਅਤੀਅੰਤ ਥਕਾ ਦੇਣ ਵਾਲੇ ਹੁੰਦੇ ਹਨ। ਅਜਿਹੇ ਕੰਮਾਂ ਦਾ ਕਰਨਾ ਹੌਲੀ ਹੌਲੀ ਔਰਤ ਦੀ ਆਰਥਿਕ ਅਤੇ ਸਮਾਜਿਕ ਪੱਧਰ ਨੂੰ ਹੋਰ ਵੀ ਨਖਿਧ ਕਰ ਦਿੰਦਾ ਹੈ।

ਜਦ ਤਕ ਔਰਤ ਨੂੰ ਘਰ ਦੇ ਨਗੂਣੇ ਕੰਮਾਂ ਵਿਚ ਲਗਾਈ ਰਖਿਆ ਜਾਵੇਗਾ, ਤਦ ਤਕ ਉਸ ਨੂੰ ਮਰਦ ਨਾਲ ਬਰਾਬਰਤਾ ਨਹੀਂ ਮਿਲ ਸਕਦੀ ਅਤੇ ਜਦ ਤਕ ਸਮਾਜ ਦੀ ਨੀਂਹ ਨਿਜੀ ਜਾਇਦਾਦ ਦੀ ਮਾਲਕੀ ਤੇ ਖੜੀ ਰਹੇਗੀ ਅਰਥਾਤ ਜਦ ਤਕ ਕੋਈ ਸਮਾਜ ਜਮਾਤਾਂ ਵਿਚ ਵੰਡਿਆ ਰਹੇਗਾ, ਤਦ ਤਕ ਇਸ ਵਿਚ ਕਾਮਾ-ਮਰਦ ਲੁਟਿਆ ਜਾਂਦਾ ਰਹੇਗਾ ਅਤੇ ਤਦ ਤਕ ਔਰਤ ਨੂੰ ਕਿਸੇ ਕਿਸਮ ਦੀ ਸਮਾਜਿਕ ਆਜ਼ਾਦੀ ਨਹੀਂ ਮਿਲ ਸਕਦੀ। ਕਾਮੇ-ਮਰਦ ਦੀ ਲੁੱਟ ਖਸੁੱਟ ਖਤਮ ਕਰਨ ਅਤੇ ਔਰਤ ਦੀ ਸਮਾਜਿਕ ਆਜ਼ਾਦੀ ਨੂੰ ਪ੍ਰਾਪਤ ਕਰਨ ਲਈ ਸਰਮਾਏਦਾਰਾਂ (ਖੇਤੀ ਅਤੇ ਸਨਅਤ ਦੇ) ਵਿਪਾਰੀਆਂ ਅਤੇ ਜਗੀਰਦਾਰਾਂ ਨੂੰ ਇਕ ਜਮਾਤ ਦੇ ਤੌਰ ਤੇ ਖਤਮ ਕਰਨਾ, ਅਤੇ ਨਵੇਂ ਸਮਾਜਵਾਦੀ ਰਾਜ ਅਤੇ ਸਮਾਜ ਦੀ ਸਥਾਪਨਾ ਕਰਨੀ ਜ਼ਰੂਰੀ ਬਣ ਜਾਂਦੀ ਹੈ।

ਪਰੋਲੇਤਾਰੀ ਇਨਕਲਾਬ ਦੇ ਸਫਲ ਹੋਣ ਤੇ ਜਦ ਰਾਜਸੀ ਤਾਕਤ ਅਤੇ ਪੈਦਾਵਾਰ ਦੇ ਮੁਢਲੇ ਸਾਧਨਾਂ ਦੀ ਮਾਲਕੀਅਤ ਮਜ਼ਦੂਰ ਜਮਾਤ ਹੱਥ ਆ ਜਾਵੇ, ਜਦ ਨਿਜੀ ਦੇ ਹੱਕਾਂ ਨੂੰ ਖਤਮ ਕਰ ਦਿੱਤਾ ਜਾਵੇ, ਜਦ ਸਮਾਜਿਕ ਪੈਦਾਵਾਰ ਮਜ਼ਦੂਰ ਜਮਾਤ ਦੇ ਕੰਟਰੋਲ ਅਤੇ ਨਿਗਰਾਨੀ ਹੇਠ ਹੋ ਕੇ ਵੰਡੀ ਜਾਵੇ, ਤਦ ਅਜਿਹੇ ਸਮਾਜ ਵਿਚ ਜਮਾਤਾਂ ਦੇ ਖਾਤਮੇ ਦਾ ਆਰਥਿਕ ਆਧਾਰ ਉਸਰ ਆਉਂਦਾ ਹੈ ਅਤੇ ਕਾਮੇ-ਮਰਦ ਦੀ ਸਮਾਜਿਕ ਪੈਦਾਵਾਰ ਦੇ ਖੇਤਰ ਵਿਚ ਲੁਟ ਖਲੋਂੜੀ ਹੋ ਜਾਂਦੀ ਹੈ। ਅਜਿਹੇ ਸਮਾਜਵਾਦੀ ਸਮਾਜ ਵਿਚ ਹੀ ਘਰ ਦੇ ਕੰਮਾਂ ਨੂੰ ਵੱਡੀ ਸਮਾਜਿਕ ਪੱਧਰ ਤੇ ਸੰਗਠਤ ਕਰਨਾ ਸੰਭਵ ਹੋ ਸਕਦਾ ਹੈ ਅਤੇ ਔਰਤਾਂ ਨੂੰ ਪੂਰੇ ਤੌਰ ਤੇ ਸਿਆਸੀ ਤੇ ਸਰਬ-ਭਲਾਈ ਕੇ ਕੰਮਾਂ ਅਤੇ ਸਮਾਜ ਦੀ ਸਮਾਜਿਕ ਪੈਦਾਵਾਰ ਵਿਚ ਮਰਦ ਬਰਾਬਰ ਹਿੱਸਾ ਲੈਣ ਦੇ ਮੌਕੇ ਮਿਲ ਸਕਦੇ ਹਨ। ਇਵੇਂ ਔਰਤ ਦੀ ਆਰਥਿਕ ਤੇ ਸਮਾਜਿਕ ਗੁਲਾਮੀ ਦਾ ਆਧਾਰ, ਸਮਾਜਵਾਦੀ ਸਮਾਜ ਵਿਚ ਖਤਮ ਹੋ ਜਾਂਦਾ ਹੈ ਅਤੇ ਅਜਿਹੇ ਸਮਾਜ ਵਿਚ ਔਰਤ ਨੂੰ ਆਰਥਿਕ, ਸਭਿਆਚਾਰਕ ਅਤੇ ਸਿਆਸੀ ਆਜ਼ਾਦੀ ਅਸਲ ਅਰਥਾਂ ਵਿਚ ਮਿਲ ਸਕਦੀ ਹੈ। ਕਿਸੇ ਵੀ ਜਮਾਤਾਂ ਵਿਚ ਵੰਡੇ ਸਮਾਜ ਵਿਚ ਔਰਤ ਦੀ ਸਮਾਜਿਕ ਆਜ਼ਾਦੀ ਦਾ ਆਧਾਰ ਅਤੀਅੰਤ ਕਮਜ਼ੋਰ ਹੁੰਦਾ ਹੈ।

ਪਰ ਜਿਵੇਂ ਆਪਣੀ ਆਜ਼ਾਦੀ ਮਜ਼ਦੂਰ ਜਮਾਤ ਨੂੰ ਖੁਦ ਆਪ ਜਿੱਤਣੀ ਹੁੰਦੀ ਹੈ ਤਿਵੇਂ ਹੀ ਇਹ ਕਿਹਾ ਜਾ ਸਕਦਾ ਹੈ ਕਿ ਔਰਤ ਦੀ ਸਮਾਜਿਕ ਆਜ਼ਾਦੀ ਔਰਤਾਂ ਦੇ ਸਮੂਹਿਕ ਘੋਲ ਤੋਂ ਬਿਨਾਂ ਸੰਭਵ ਨਹੀਂ ਹੋ ਸਕਦੀ। ਜਦ ਤਕ ਔਰਤਾਂ ਦੀ ਇਕ ਵੱਡੀ ਬਹੁ-ਗਿਣਤੀ ਨੂੰ ਸਮਾਜਿਕ ਤਬਦੀਲੀ ਲਈ ਚਲ ਰਹੇ ਜਮਾਤੀ-ਅੰਦੋਲਨਾਂ ਨਾਲ ਨਾ ਜੋੜਿਆ ਜਾਵੇ, ਤਦ ਤਕ ਅਜਿਹੇ ਅੰਦੋਲਨਾਂ ਦੀ ਲੋਕਾਂ ਵਿਚ ਬਹੁਤੀ ਪ੍ਰਵਾਨਤਾ ਨਹੀਂ ਵੱਧ ਸਕਦੀ ਅਤੇ ਲੱਖਾਂ ਔਰਤਾਂ ਦੇ ਸੁਚੇਤ ਸਹਿਯੋਗ ਤੋਂ ਬਿਨਾਂ ਇਕ ਸਮਾਜਵਾਦੀ ਸਮਾਜ ਰਤਾ ਵੀ ਸਾਵੀਂ ਤਰੱਕੀ ਨਹੀਂ ਕਰ ਸਕਦਾ। ਜੇਕਰ ਔਰਤਾਂ (ਪੂਰੀ ਵਸੋਂ ਦਾ ਲਗ ਪਗ ਅੱਧ) ਲਈ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਆਜ਼ਾਦੀ ਜਿੱਤੀ ਜਾਵੇ ਤਾਂ ਹੀ ਪਰੋਲੇਤਾਰੀ ਜਮਾਤ (ਸਰਮਾਏਦਾਰ ਸਮਾਜ ਦੀ ਮਸ਼ਹੂਰ ਜਮਾਤ) ਲਈ ਆਪਣੇ ਲਈ ਪੂਰੀ ਆਜ਼ਾਦੀ ਦਾ ਜਿੱਤ ਸਕਣਾ ਸੰਭਵ ਹੋ ਸਕਦਾ ਹੈ।

(2)*

ਕਾਰਲ ਮਾਰਕਸ ਤੇ ਫਰੈਡਰਿਕ ਐਂਗਲਜ਼ ਨੇ ਠੀਕ ਹੀ ਕਿਹਾ ਹੈ ਕਿ "ਔਰਤ ਦੀ ਆਜ਼ਾਦੀ ਦੀ ਪੱਧਰ ਇਕ ਮਾਪ ਹੈ, ਜਿਸ ਰਾਹੀਂ ਮਨੁੱਖਤਾ ਦੀ ਸਮੁੱਚੀ ਆਜ਼ਾਦੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।" ਕਾਮਰੇਡ ਲੈਨਿਨ ਦੇ ਅਨੁਸਾਰ, 'ਬੁਰਜੂਆ ਰਾਜ ਵਿਚ (ਜਿਹੜਾ ਕਿ ਨਿੱਜੀ ਜਾਇਦਾਦ, ਨਿਜੀ ਲਾਭ ਤੇ ਆਧਾਰਤ ਹੁੰਦਾ ਹੈ), ਚਾਹੇ ਉਹ ਕਿੰਨਾ ਵੀ ਅਗਾਂਹ ਵਧੂ ਕਿਉਂ ਨਾ ਹੋਵੇ, ਔਰਤ ਨੂੰ ਕਦੀ ਵੀ ਮਰਦ ਦੇ ਬਰਾਬਰ ਹੱਕ ਨਹੀਂ ਮਿਲਦੇ।' ਇਵੇਂ ਬੁਰਜੂਆ ਸਮਾਜਕ ਢਾਂਚੇ ਵਿਚ ਆਬਾਦੀ ਦੇ ਅੱਧ (ਔਰਤ ਵਰਗ) ਨੂੰ ਕਦੀ ਵੀ ਆਦਮੀ ਜਿੰਨੀ ਖੁਲ੍ਹ, ਬਰਾਬਰਤਾ ਨਹੀਂ ਮਿਲਦੀ। ਅਜਿਹੇ ਸਰਮਾਏਦਾਰੀ ਢਾਂਚੇ (capitalist system) ਵਿਚ, ਪਹਿਲੇ ਵਰਗਾਂ ਵਿਚ ਵੰਡੇ ਢਾਂਚਿਆਂ (ਗੁਲਾਮ ਪ੍ਰਥਾ ਤੇ ਸਾਮੰਤਵਾਦ) ਦੀ ਤਰ੍ਹਾਂ ਔਰਤ ਨੂੰ ਹਮੇਸ਼ਾਂ ਆਦਮੀ (ਮਰਦ) ਦੀ ਨੁਮਾਇੰਗੀ ਤੇ ਜਬਰ ਹੇਠ ਹੀ ਜੀਣਾ ਪੈਂਦਾ ਹੈ। ਪਰ ਇਸ ਸਭ ਦਾ ਭੇਦ ਕੀ ਹੈ? ਜਿਵੇਂ ਗੁੰਝਲਦਾਰ ਬਣ ਰਹੇ ਬੁਰਜੂਆ ਸਮਾਜ (bourgeois society) ਵਿਚ ਹਰ ਚੀਜ਼ ਦਾ ਦਰਜਾ, ਉਸ ਦੇ ਆਰਥਿਕ ਅਧਾਰ ਕਰਕੇ ਮੁਕਰਰ ਹੁੰਦਾ ਹੈ, ਇਵੇਂ ਹੀ ਇਸ ਸਮਾਜ ਵਿਚ ਔਰਤ ਦਾ ਦਰਜਾ ਵੀ ਇਕ ਆਰਥਿਕ ਆਧਾਰ ਤੇ ਹੀ ਨਿਰਭਰ ਕਰਦਾ ਹੈ।

ਜਿਨ੍ਹਾਂ ਗੱਲਾਂ ਨੂੰ ਔਰਤ ਦਾ ਕੁਦਰਤੀ ਸੁਭਾਵ ਮੰਨਿਆ ਜਾਂਦਾ ਹੈ, ਅਸਲ ਵਿਚ ਉਹ ਜਮਾਤਾਂ ਵਿਚ ਵੰਡੇ ਸਮਾਜ ਦੇ ਆਦਮੀ ਦੇ ਜਬਰ ਦਾ ਚਿੰਨ੍ਹ ਹੁੰਦੀਆਂ ਹਨ। ਇਹ ਕਹਿਣਾ ਅਤਕਥਨੀ ਨਹੀਂ ਕਿ ਦੁਨੀਆਂ ਦੇ ਕਿਸੇ ਵੀ ਹੋਰ ਵਰਗ ਨੇ ਔਰਤ ਵਰਗ ਤੋਂ ਇਲਾਵਾ ਆਪਣੇ ਕੁਦਰਤੀ ਲੱਛਣਾਂ ਨੂੰ ਪੂਰੀ ਤਰ੍ਹਾਂ ਆਪਣੇ ਮਾਲਕਾਂ (ਮਰਦ ਵਰਗ) ਦੀ ਮਰਜ਼ੀ ਅਨੁਸਾਰ ਨਹੀਂ ਢਾਲਿਆਂ। ਅਸਲ ਵਿਚ ਜਦ ਮਨੁੱਖੀ ਸਮਾਜ ਅਜੇ ਆਦਮ-ਸਮਾਜ (primitive communism) ਦੀ ਬਣਤਰ ਵਿਚੋਂ ਲੰਘ ਰਿਹਾ ਸੀ ਤਾਂ ਉਸ ਵਿਚ ਹੀ ਔਰਤਾਂ ਨੂੰ ਪਹਿਲੀ ਵਾਰ ਗੁਲਾਮੀ ਦੀਆਂ ਜੰਜੀਰਾਂ ਪਹਿਨਾ ਦਿੱਤੀਆਂ ਗਈਆਂ। ਪਹਿਲੀ ਸਮਾਜਿਕ ਕਿਰਤ-ਵੰਡ (social division of labour) ਔਰਤ ਤੇ ਮਰਦ ਵਰਗ ਵਿਚ ਵੰਡ ਸੀ। ਅੱਜ ਦੇ ਸਰਮਾਏਦਾਰ ਸਮਾਜ (capitalist society) ਵਿਚ ਔਰਤ ਤੇ ਮਰਦ ਦੇ ਆਪਸੀ ਸਬੰਧਾਂ ਦਾ ਅਧਾਰ ਵਿਆਹ ਨੂੰ ਮੰਨਿਆ ਜਾਂਦਾ ਹੈ। ਔਰਤ-ਮਰਦ ਦੇ ਆਪਸੀ ਸਬੰਧਾਂ ਦੀ ਇਹ ਸੰਸਥਾ ਵਿਆਹ) ਔਰਤ ਤੋਂ ਉਸ ਦੇ ਸਾਰੇ ਹੱਕ ਖੋਹ ਕੇ ਉਸ ਦੀ ਤਰੱਕੀ (ਮਾਨਸਿਕ ਤੇ ਸਰੀਰਕ) ਤੇ ਰੋਕ ਲਾਉਂਦੀ ਹੈ। ਇਹ ਸੰਸਥਾ ਉਸ ਨੂੰ ਸਮਾਜਿਕ ਰਿਸ਼ਤੇ ਦੇ ਇਕ ਪੜਾਅ ਤੇ ਸਥਿਤ ਕਰ, ਉਸ ਨੂੰ ਅਗਿਆਨਤਾ ਤੇ ਨਿਰਭਰਤਾ ਦੇ ਰਾਹ ਦੇ ਤੋਰ ਕੇ ਔਰਤ ਦੇ ਬਚੇ-ਖੁਚੇ ਸਵੈ-ਵਿਸ਼ਵਾਸ਼ ਅਤੇ ਸਵੈ-ਸਤਿਕਾਰ ਦਾ ਵੀ ਅੰਤ ਕਰ ਦਿੰਦੀ ਹੈ। ਵਿਆਹ ਦੀ ਸੰਸਥਾ ਔਰਤ ਨੂੰ ਇਕ ਪਰਜੀਵੀ (parsitc) ਬਣਾ ਦਿੰਦੀ ਹੈ। ਇਹ ਉਸ ਨੂੰ ਜ਼ਿੰਦਗੀ ਦੇ ਘੋਲ ਲਈ ਸਮਰਥ ਨਹੀਂ ਰਹਿਣ ਦਿੰਦੀ। ਔਰਤ ਦੀ ਸਮਾਜਿਕ ਚੇਤਨਤਾ ਤੇ ਕਲਪਨਾ (social consciousness and imagination) ਤੋਂ ਰੋਕ ਲਾਉਣਾ ਤੇ ਫਿਰ ਇਸ ਤਰ੍ਹਾਂ ਲਿਤਾੜੀ ਜਾ ਚੁਕੀ ਔਰਤ ਨੂੰ ਆਪਣੀ ਅਖੌਤੀ ਦਿਆਲਤਾ ਭਰੀ ਸੁਰਖਿਆ ਦੇਣਾ, ਅੱਜ ਦੇ ਸਰਮਾਏਦਾਰ ਢਾਂਚੇ ਵਿਚ, ਵਿਆਹ ਦੀ ਸੰਸਥਾ ਦੇ ਕੁਝ ਕੁ ਲੱਛਣ ਹਨ। ਇਵੇਂ ਇਹ ਮੰਨਣਾ ਸਹੀ ਹੈ ਕਿ ਆਦਮ-ਸਮਾਜ (primitive communism) ਤੋਂ ਬਾਅਦ ਅੱਜ ਦੀ ਪੂੰਜੀਵਾਦੀ ਸਮਾਜਿਕ ਪ੍ਰਥਾ (capitalist social formation) ਤੱਕ ਔਰਤ-ਵਰਗ ਜੋ ਮਨੁੱਖੀ ਸੰਖਿਆ ਦਾ ਲਗਭਗ ਅੱਧ ਹੈ, ਲਿਤਾੜਿਆ ਤੇ ਲੁਟੀਂਦਾ ਜਾਂਦਾ ਰਿਹਾ ਹੈ। ਇਸ ਮਨੁੱਖਤਾ ਦੇ ਅੱਧ ਦੇ ਸੁਚੇਤ ਹੋ ਕੇ ਮਨੁੱਖੀ ਘੋਲਾਂ ਵਿਚ ਪੈਣ ਤੋਂ ਬਿਨਾਂ, ਮਹਾਨ ਸਮਾਜਿਕ ਤਬਦੀਲੀਆਂ ਅਸੰਭਵ ਹਨ। ਕਾਰਲ ਮਾਰਕਸ ਨੇ ਠੀਕ ਹੀ ਕਿਹਾ ਸੀ ਕਿ "ਹਰ ਉਹ ਮਨੁੱਖ ਜੋ ਇਤਿਹਾਸ ਬਾਰੇ ਕੁਝ ਵੀ ਜਾਣਦਾ ਹੈ, ਉਹ ਇਹ ਜਾਣਦਾ ਹੈ ਕਿ ਮਹਾਨ ਸਮਾਜਿਕ ਤਬਦੀਲੀਆਂ ਔਰਤ ਜਿਹੀ ਉਤਜਿਤਾ (feminine ferment) ਬਿਨਾਂ ਅਸੰਭਵ ਹਨ।" ਦੁਨੀਆਂ ਦੇ ਇਤਿਹਾਸ ਵਿਚ ਕਦੇ ਵੀ ਕਿਸੇ ਦਬੇ-ਕੁਚਲੇ ਵਰਗ, ਜਮਾਤ ਜਾਂ ਕੌਮ ਨੇ ਲਗਾਤਾਰ ਘੋਲਾਂ ਤੋਂ ਬਿਨਾਂ ਆਪਣੇ ਹੱਕ ਹਾਸਲ ਨਹੀਂ ਕੀਤੇ। ਔਰਤ-ਵਰਗ ਵੀ ਲਗਾਤਾਰ ਕੀਤੇ ਫੈਸਲਾਕੁਨ ਘੋਲਾਂ ਤੋਂ ਬਿਨਾਂ,

---

*ਇਸ ਲੇਖ ਵਿਚ ਦਿੱਤੀ ਵਿਆਖਿਆ (Margaret benston) ਦੇ ਲੇਖ (The political economy of women's liberation) ਅਤੇ ਇਸ ਤੇ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਹੋਈ ਆਲੋਚਨਾ ਤੇ ਆਧਾਰਤ ਹੈ।

ਕੋਈ ਵੀ ਹੱਕ ਹਾਸਲ ਨਹੀਂ ਕਰ ਸਕਦਾ ।

ਸਮਾਜ ਦੇ ਜਮਾਤੀ-ਢਾਂਚੇ (class-structure of society) ਦੀ ਗੱਲ ਕਰਦਿਆਂ ਅਕਸਰ ਅਸੀਂ ਔਰਤ ਦੇ ਸਵਾਲ ਨੂੰ ਭੁਲ ਜਾਂਦੇ ਹਾਂ। ਇਹ ਇਸ ਲਈ ਕਿ, ਇਕ ਪਾਸੇ ਤਾਂ ਜਮਾਤਾਂ ਦੀ ਵਿਆਖਿਆ ਪੈਦਾਵਾਰ ਦੇ ਸਾਧਨਾਂ (means of production) ਨਾਲ ਮਨੁਖ ਦੇ ਸਬੰਧਾਂ ਕਰਕੇ ਕੀਤੀ ਜਾਂਦੀ ਹੈ, ਅਤੇ ਦੂਜੇ ਪਾਸੇ ਪੈਦਾਵਾਰ ਦੇ ਸਾਧਨਾਂ ਨਾਲ ਔਰਤਾਂ ਦਾ ਕੁਝ ਖਾਸ ਸਬੰਧ ਨਹੀਂ ਮੰਨਿਆ ਜਾਂਦਾ, ਇਵੇਂ ਔਰਤ ਦੀ ਸਮਾਜਿਕ ਹੋਂਦ ਤੋਂ ਘਟੀਆ ਮੰਨ ਲਿਆ ਜਾਂਦਾ ਹੈ। ਔਰਤ ਬਾਰੇ ਗੱਲ ਕਰਦਿਆਂ ਅਕਸਰ ਮਨੋਵਿਗਿਆਨਕ ਪੱਖਾਂ ਅਤੇ ਔਰਤ-ਮਰਦ ਦੇ ਆਪਸੀ ਸਬੰਧਾਂ ਜਾਂ ਵਿਆਹ ਦੇ ਇਕ ਸਮਾਜਿਕ ਸੰਸਥਾ ਦੇ ਰੂਪ ਵਿਚ ਕੰਮਾਂ ਬਾਰੇ ਹੀ ਗੱਲ ਹੁੰਦੀ ਹੈ। ਪਰ ਸਵਾਲ ਇਹ ਹੈ ਕਿ ਕੀ ਇਹ ਔਰਤ ਬਾਰੇ ਮੁਢਲੀਆਂ ਗੱਲਾਂ ਹਨ ? ਇਥੇ ਅਸੀਂ ਇਹ ਵਿਚਾਰ ਕਰਾਂਗੇ ਕਿ ਕਿਵੇਂ ਔਰਤ ਦੇ ਸਮਾਜ ਵਿਚ ਮਰਦ ਤੋਂ ਦੂਸਰੀ ਪੱਧਰ ਤੇ ਖੜੇ ਹੋਣ ਦਾ ਮੁਖ ਕਾਰਨ ਜਮਾਤਾਂ ਵਿਚ ਵੰਡੇ ਸਮਾਜ ਦਾ ਆਰਥਿਕ ਆਧਾਰ ਹੈ । ਅਸੀਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਾਂਗੇ ਕਿ ਔਰਤਾਂ ਦਾ ਇਕ ਸਮੂਹ (group) ਦੇ ਰੂਪ ਵਿਚ ਪੈਦਾਵਾਰ ਦੇ ਸਾਧਨਾਂ ਨਾਲ ਇਕ ਖਾਸ ਕਿਸਮ ਦਾ ਯਕੀਨੀ ਸਬੰਧ (definite relation) ਹੈ, ਜੋ ਨਿਸ਼ਚੇ ਹੀ ਪੈਦਾਵਾਰ ਦੇ ਸਾਧਨਾਂ ਨਾਲ ਮਰਦ ਦੇ ਸਬੰਧਾਂ ਤੋਂ ਵੱਖਰਾ ਹੈ। ਔਰਤ ਦੇ ਨਿਜੀ ਤੇ ਮਨੋਵਿਗਿਆਨਕ ਵਿਚਾਰ (psychological ideas) ਔਰਤ ਦੇ ਇਨ੍ਹਾਂ ਪੈਦਾਵਾਰ ਦੇ ਸਬੰਧਾਂ (relations of production) ਤੋਂ ਹੀ ਪੈਦਾ ਹੁੰਦੇ ਹਨ । ਔਰਤ ਦੇ ਪੈਦਾਵਾਰ ਦੇ ਸਬੰਧਾਂ ਵਿਚ ਤਬਦੀਲੀ ਕਰਨ ਤੇ ਜ਼ਰੂਰੀ ਹੀ ਔਰਤ ਦੇ ਸੁਭਾਅ ਦੇ ਨਿਜੀ ਤੇ ਮਨੋਵਿਗਿਆਨਕ ਲੱਛਣ (psychological characteristics) ਵੀ ਬਦਲ ਜਾਂਦੇ ਹਨ । ਅਗਰ ਔਰਤ ਦੇ ਸਮਾਜਿਕ-ਪੈਦਾਵਾਰ (social production) ਨਾਲ ਸਬੰਧ ਨੂੰ ਸਿੱਧ ਕਰ ਲਿਆ ਜਾਵੇ ਤਾਂ ਜ਼ਰੂਰੀ ਹੀ ਔਰਤ ਦੀ ਅੱਜ ਦੀ ਹਾਲਤ ਦਾ ਵਿਸ਼ਲੇਸ਼ਨ, ਸਮਾਜ ਦਾ ਜਮਾਤੀ ਵਿਸ਼ਲੇਸ਼ਣ (class-analysis of society) ਬਣ ਜਾਂਦਾ ਹੈ ।

ਸਾਡੇ ਅੱਜ ਦੇ ਉਭਰ ਰਹੇ ਪੂੰਜੀਵਾਦੀ ਸਮਾਜ (emerging capitalist society) ਵਿਚ ਜਮਾਤੀ-ਵੰਡ (class-division) ਦਾ ਅਧਾਰ ਹੈ; ਉਹ ਜਿਨ੍ਹਾਂ ਪਾਸ ਪੈਦਾਵਾਰ ਦੇ ਸਾਧਨਾਂ ਦੀ ਮਾਲਕੀਅਤ ਹੈ ਅਤੇ ਉਹ ਜਿਹੜੇ ਮਜ਼ਬੂਰ ਹਨ ਕਿ ਜੀਣ ਲਈ ਆਪਣੀ ਕਿਰਤ-ਸ਼ਕਤੀ (labourspower) ਨੂੰ ਮਜ਼ਦੂਰੀ (wages) ਲਈ ਉਹਨਾਂ ਪਾਸ ਵੇਚਣ ਜਿਨ੍ਹਾਂ ਪਾਸ ਪੈਦਾਵਾਰ ਦੇ ਸਾਧਨਾਂ ਦੀ ਨਿਜੀ ਮਾਲਕੀਅਤ ਦੇ ਹੱਕ ਹਨ । ਪੈਦਾਵਾਰ ਦੇ ਸਾਧਨਾਂ ਦੀ ਮਾਲਕੀਅਤ ਰੱਖਦਾ ਮਨੁੱਖ (capitalist) ਮਜ਼ਦੂਰਾਂ ਦੀ ਕਿਰਤ-ਸ਼ਕਤੀ ਨੂੰ ਖਰੀਦਦਾ ਹੈ । ਇਸ ਖਰੀਦੀ ਸਮਾਜਿਕ ਕਿਰਤ ਸ਼ਕਤੀ (social labour-power) ਨਾਲ ਪੈਦਾ ਕੀਤੀਆਂ ਵਸਤਾਂ ਸਰਮਾਏਦਾਰ (ਪੂੰਜੀਦਾਰ) ਦੀ ਨਿਜੀ ਮਾਲਕੀਅਤ ਹੇਠ ਹੁੰਦੀਆਂ ਹਨ । ਉਹ ਇਹਨਾਂ ਵਸਤਾਂ ਨੂੰ ਨਿਜੀ ਸੁਵਾਰਥ (private self-interest) ਤੇ ਆਧਾਰਤ ਮੰਡੀ (market) ਵਿਚ ਵੇਚਦਾ ਹੈ, ਸਰਮਾਏਦਾਰ ਦੀ ਸਾਰੀ ਨਿਜੀ ਕਮਾਈ ਮਜ਼ਦੂਰ ਦੀ ਕਿਰਤ-ਸ਼ਕਤੀ ਦੀ ਲੁੱਟ (exloitation) ਤੋਂ ਇਲਾਵਾ ਹੋਰ ਕੁਝ ਨਹੀਂ ਹੁੰਦੀ, ਅਤੇ ਇਹ ਲੁੱਟ-ਖਸੁੱਟ ਇਕ ਮਨੁੱਖ (ਸਰਮਾਏਦਾਰ) ਆਪਣੀ ਪੈਦਾਵਾਰ ਦੇ ਸਾਧਨਾਂ ਤੇ ਨਿਜੀ ਮਾਲਕੀਅਤ ਹੋਣ ਕਰਕੇ ਅਤੇ ਇਸ ਨੂੰ ਕਾਇਮ ਰਖਕੇ ਹੀ ਕਰ ਸਕਦਾ ਹੈ । ਦੂਜੇ ਪਾਸੇ ਇਕ ਮਜ਼ਦੂਰ ਪਾਸ ਕਿਸੇ ਕਿਸਮ ਦੇ ਪੈਦਾਵਾਰ ਦੇ ਸਾਧਨਾਂ ਦੀ ਨਿਜੀ ਮਾਲਕੀਅਤ ਨਹੀਂ ਹੁੰਦੀ । ਇਕ ਮਜ਼ਦੂਰ ਪਾਸ ਉਸ ਦੀ ਕਿਰਤ ਸ਼ਕਤੀ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੁੰਦਾ । ਸਰਮਾਏਦਾਰੀ ਢਾਂਚੇ ਵਿਚ ਜੀਉਂਦੇ ਰਹਿਣ ਲਈ, ਇਕ ਮਜ਼ਦੂਰ ਨੂੰ ਆਪਣੀ ਇਸ ਕਿਰਤ-ਸ਼ਕਤੀ ਨੂੰ ਪੈਦਾਵਾਰ ਦੇ ਸਾਧਨਾਂ ਦੀ ਮਾਲਕੀਅਤ ਰਖਦੇ ਮਨੁੱਖ (ਸਰਮਾਏਦਾਰ) ਪਾਸ ਵੇਚਣਾ ਪੈਂਦਾ ਹੈ । ਉਸ ਨੂੰ ਮਜਬੂਰਨ ਆਪਣੀ ਕਿਰਤ-ਸ਼ਕਤੀ ਨੂੰ ਕਿਸੇ ਸਰਮਾਏਦਾਰ ਪਾਸ ਵੇਚਣਾ ਹੀ ਪੈਂਦਾ ਹੈ । ਇਕ ਮਜ਼ਦੂਰ ਨੂੰ ਇਹ ਖੁਲ੍ਹ ਹੈ ਕਿ ਉਹ ਜਿਸ ਸਰਮਾਏਦਾਰ ਪਾਸ ਚਾਹੇ ਆਪਣੀ ਕਿਰਤ-ਸ਼ਕਤੀ ਨੂੰ ਵੇਚੇ, ਪਰ ਵੇਚਣਾ ਉਸ ਨੂੰ ਜ਼ਰੂਰ ਪਏਗਾ । ਪਰ ਇਕ ਮਜ਼ਦੂਰ ਨੂੰ ਮਿਲੀ ਇਸ ਅਖੌਤੀ ਖੁਲ੍ਹ ਦਾ ਸਮਾਜੀ ਪੱਧਰ ਤੇ ਲੱਛਣ ਬਦਲ ਜਾਂਦਾ ਹੈ, ਕਿਉਂਕਿ ਸਮੁੱਚੇ ਤੌਰ ਤੇ ਮਜ਼ਦੂਰ ਜਮਾਤ (proletarian-class) ਨੂੰ ਸਿਰਫ ਤੇ ਸਿਰਫ ਸਮੁੱਚੀ ਸਰਮਾਏਦਾਰ ਜਮਾਤ (capitalist-class) ਪਾਸ ਹੀ ਆਪਣੀ ਕਿਰਤ-ਸ਼ਕਤੀ ਨੂੰ ਵੇਚਣਾ ਪੈਂਦਾ ਹੈ ।

ਪੂੰਜੀਵਾਦੀ ਸਮਾਜ ਵਿਚ ਔਰਤ ਦੇ ਸਮਾਜਿਕ ਦਰਜੇ ਤੇ ਉਸ ਦੇ ਰੋਲ ਨੂੰ ਜਾਨਣ ਲਈ ਸਾਨੂੰ ਆਪਣੇ ਅੱਜ ਦੇ

ਉਭਰ ਰਹੇ ਪੂੰਜੀਵਾਦੀ ਸਮਾਜ ਦੇ ਆਧਾਰ ਨੂੰ ਜਾਨਣਾ ਪਏਗਾ ਤੇ ਇਹ ਆਧਾਰ ਹੈ : ਵਸਤਾਂ (products) ਦੀ ਵਟਾਂਦਰੇ (exchange) ਲਈ ਹੋ ਰਹੀ ਪੈਦਾਵਾਰ। ਉਹ ਵਸਤ ਜਾਂ ਉਪਜ (product) ਜਿਸ ਨੂੰ ਸਿਰਫ਼ ਮੰਡੀ ਵਿਚ ਵਟਾਂਦਰੇ ਲਈ ਹੀ ਪੈਦਾ ਕੀਤਾ ਜਾਂਦਾ ਹੈ, ਉਹ ਜਿਨਸ (commodity) ਬਣ ਜਾਂਦੀ ਹੈ। ਕਿਸੇ ਵੀ ਜਿਨਸ (commodity) ਨੂੰ ਸਿੱਧਾ ਨਿਜੀ ਉਪਭੋਗ (self-consumption) ਲਈ ਨਹੀਂ ਵਰਤਿਆ ਨਾ ਸਕਦਾ। ਹਰ ਜਿਨਸ (commodity) ਵਿਚ ਤੁਸ਼ਟੀਗੁਣ (use-value) ਅਤੇ ਵਟਾਂਦਰਾ ਮੁਲ (exchange-value) ਹੁੰਦਾ ਹੈ। ਕਿਸੇ ਜਿਨਸ ਦਾ ਵਟਾਂਦਰਾ ਮੁਲ ਤਦ ਹੀ ਹੋ ਸਕਦਾ ਹੈ, ਅਗਰ ਉਸ ਵਿਚ ਤੁਸ਼ਟੀਗੁਣ ਹੋਵੇ ਤਾਂ ਨਹੀਂ ਤਾਂ ਇਸ ਨੂੰ ਕੋਈ ਨਹੀ ਖਰੀਦੇਗਾ ਤੇ ਇਹ ਇਕ ਬੇਫ਼ਾਇਦਾ ਪੈਦਾਵਾਰ (useless production) ਬਣ ਜਾਏਗੀ। ਦੂਜੇ ਪਾਸੇ ਹਰ ਵਸਤੂ ਜਿਸ ਵਿਚ ਤੁਸ਼ਟੀਗੁਣ ਹੈ, ਜ਼ਰੂਰੀ ਨਹੀਂ ਕਿ ਉਸ ਦਾ ਵਟਾਂਦਰਾ ਮੁਲ ਵੀ ਹੋਵੇ। ਕਿਸੇ ਵਸਤੂ ਦਾ ਵਟਾਂਦਰਾ ਮੁੱਲ ਤਾਂ ਹੀ ਹੋਵੇਗਾ ਅਗਰ ਉਸ ਨੂੰ ਦੂਜਿਆਂ ਦੇ ਉਪਭੋਗ (consumption) ਲਈ ਪੈਦਾ ਕਰਕੇ ਵਟਾਂਦਰਾ-ਮੰਡੀ (exchange market) ਵਿਚ ਇਕ ਜਿਨਸ (commodity) ਦੇ ਰੂਪ ਵਿਚ ਵੇਚਿਆ ਜਾਵੇ। ਵਸਤਾਂ ਨੂੰ ਵਟਾਂਦਰਾ-ਮੰਡੀ ਵਿਚ ਵੇਚਣ ਲਈ ਪੈਦਾ ਕਰਨਾ, ਅਰਥਾਤ ਵਸਤਾਂ ਦਾ ਜਿਨਸ ਵਿਚ ਤਬਦੀਲ ਹੋਣਾ, ਪੂੰਜੀਵਾਦੀ ਸਮਾਜ ਅਤੇ ਇਸ ਵਿਚ ਕਿਰਤ ਦੀ ਲੁੱਟ ਦਾ ਆਧਾਰ ਹੈ। ਪੂੰਜੀਵਾਦੀ ਸਮਾਜ ਵਿਚ ਜਿਨਸਾਂ ਦੀ ਪੈਦਾਵਾਰ (ਵਸਤਾਂ ਨੂੰ ਵਟਾਂਦਰੇ ਮੁਲ ਲਈ ਪੈਦਾ ਕਰਨਾ) ਸਿਖਰ ਦੀ ਉਨਤੀ ਤੇ ਪਹੁੰਚ ਜਾਂਦੀ ਹੈ। ਪੂੰਜੀਵਾਦ-ਸਮਾਜ ਮਨੁੱਖੀ ਇਤਿਹਾਸ ਵਿਚ ਇਕ ਅਜਿਹਾ ਸਮਾਜ ਹੈ, ਜਿਸ ਵਿਚ ਸਮੁੱਚੀ ਸਮਾਜਿਕ ਪੈਦਾਵਾਰ (total social production) ਦਾ ਬਹੁਤ ਵੱਡਾ ਹਿੱਸਾ ਜਿਨਸ ਦਾ ਰੂਪ ਧਾਰਦਾ ਹੈ। ਪਰ ਪੂੰਜੀਵਾਦੀ-ਸਮਾਜ ਵਿਚ ਵੀ ਹਰ ਪੈਦਾ ਕੀਤੀ ਵਸਤੂ ਦਾ ਜਿਨਸ ਬਣਨਾ ਜ਼ਰੂਰੀ ਨਹੀਂ ਹੁੰਦਾ। ਸਾਡੇ ਅੱਜ ਦੇ ਉਭਰ ਰਹੇ ਪੂੰਜੀਵਾਦੀ ਸਮਾਜ ਵਿਚ, ਦੋ ਤਰ੍ਹਾਂ ਦੀਆਂ ਪੈਦਾ ਕੀਤੀਆਂ ਵਸਤਾਂ ਸਿਰਫ਼ ਜ਼ਿਆਦਾ ਤਰ ਤੁਸ਼ਟੀਗੁਣ ਹੀ ਰੱਖਦੀਆਂ ਹਨ। ਇਸ ਤਰ੍ਹਾਂ ਦੀਆਂ ਵਸਤਾਂ ਦੇ ਪਹਿਲੇ ਗਰੁਪ ਵਿਚ ਕਿਸਾਨਾਂ ਆਦਿ ਦੁਆਰਾ ਆਪਣੀ ਹੀ ਵਰਤੋਂ ਲਈ ਪੈਦਾ ਕੀਤੀਆਂ ਉਹ ਵਸਤਾਂ ਆਉਂਦੀਆਂ ਹਨ, ਜੋ ਖੇਤਾਂ ਵਿਚ ਪੈਦਾ ਹੋ ਕੇ ਸਿਧੇ-ਨਿਜੀ-ਉਪਭੋਗ (direct self-consumption) ਵਿਚ ਖਪਤ ਹੋ ਜਾਂਦੀਆਂ ਹਨ। ਪੂੰਜੀਵਾਦੀ-ਸਮਾਜ ਵਿਚ ਪੈਦਾ ਕੀਤੀਆਂ ਵਸਤਾਂ ਦਾ ਦੂਜਾ ਗਰੁੱਪ ਜੋ ਜਿਨਸ ਨਹੀਂ ਬਣਦਾ ਤੇ ਸਿਰਫ਼ ਤੁਸ਼ਟੀਗੁਣ ਹੀ ਰੱਖਦਾ ਹੈ, ਉਹ ਘਰ ਵਿਚ ਪੈਦਾ ਕੀਤੀਆਂ ਵਸਤਾਂ ਅਤੇ ਸੇਵਾਵਾਂ ਦਾ ਗਰੁਪ ਹੈ। ਬੇਸ਼ਕ ਮਨੁੱਖੀ ਮਿਹਨਤ (human-labour) ਦਾ ਬਹੁਤ ਵੱਡਾ ਹਿੱਸਾ ਇਸ ਤਰ੍ਹਾਂ ਦੀ ਘਰੇਲੂ ਪੈਦਾਵਾਰ (domestic production) ਵਿਚ ਹੀ ਖਪਤ ਹੋ ਜਾਂਦਾ ਹੈ। ਫਿਰ ਵੀ ਇਸ ਘਰੇਲੂ ਪੈਦਾਵਾਰ ਦਾ ਸਿਰਫ਼ ਤੁਸ਼ਟੀਗੁਣ ਹੀ ਹੁੰਦਾ ਹੈ, ਵਟਾਂਦਰਾ ਮੁਲ ਨਹੀਂ, ਤੇ ਇਵੇਂ ਇਹ ਘਰੇਲੂ ਪੈਦਾਵਾਰ ਜਿਨਸ ਨਹੀਂ ਬਣਦੀ। ਘਰ ਵਿਚ ਕੀਤੇ ਕੰਮ ਜਿਵੇਂ ਕਿ ਨਾਸ਼ਤਾ, ਦੁਪਹਿਰ ਜਾਂ ਰਾਤ ਦੀ ਰੋਟੀ ਤਿਆਰ ਕਰਨਾ, ਕਮੀਜ਼ ਨੂੰ ਬਟਨ ਲਾਉਣਾ, ਜਾਂ ਪਾਟੇ ਕਪੜੇ ਨੂੰ ਸੀਣਾ, ਇਹ ਸਭ ਸਭ ਪੈਦਾਵਾਰ (production) ਤਾਂ ਹਨ, ਪਰ ਇਹ ਪੈਦਾਵਾਰ ਅਕਸਰ ਮੰਡੀ ਵਿਚ ਜਿਨਸ ਦੇ ਰੂਪ ਵਿਚ ਵੇਚਣ ਲਈ ਨਹੀਂ ਹੁੰਦੀ।

ਪੈਦਾਵਾਰ ਦੇ ਜਿਨਸ ਦਾ ਰੂਪ ਧਾਰਨ ਕਰਨ ਕਰਕੇ ਅਤੇ ਇਸ ਦੇ ਸਿਟੇ ਤੇ ਪ੍ਰਭਾਵ ਵਜੋਂ ਸੰਗਠਤ ਕੀਤੇ ਗਏ (ਪੂੰਜੀਵਾਦੀ) ਸਮਾਜ ਵਿਚ ਮਨੁੱਖ ਦੀ ਕੀਤੀ ਕਿਰਤ ਦੇ ਅਰਥ ਵੀ ਬਦਲ ਜਾਂਦੇ ਹਨ। ਬਹੁਤਾਤ ਵਿਚ ਜਿਨਸ ਦੀ ਪੈਦਾਵਾਰ, (commodity production) ਨਿਸ਼ਚੇ ਹੀ ਪੂੰਜੀਵਾਦੀ-ਸਮਾਜ ਦੀ ਪੈਦਾਵਾਰ ਹੈ। ਜਿਨਸ ਦੀ ਪੈਦਾਵਾਰ ਨੇ ਹੋਂਦ ਵਿਚ ਆਕੇ ਮਨੁੱਖ ਦੇ ਕਿਰਤ ਕਰਨ ਦੇ ਤਰੀਕੇ ਨੂੰ ਤਾਂ ਬਦਲ ਦਿੱਤਾ ਹੈ, ਪਰ ਫਿਰ ਵੀ ਪੂੰਜੀਵਾਦੀ-ਸਮਾਜ ਵਿਚ ਬਹੁਤ ਸਾਰੀ ਘਰੇਲੂ ਕਿਰਤ (domestic-labour), ਜਿਨਸ ਦੀ ਪੈਦਾਵਾਰ ਦੀ ਪੱਧਰ ਤੋਂ ਪਹਿਲੀ ਪੱਧਰ (pre-market, pre-commodity level) ਤੇ ਹੀ ਹੈ। ਮਨੁੱਖੀ ਕਿਰਤ ਦਾ ਇਹ ਉਹ ਕੰਮ ਹੈ, ਜਿਹੜਾ ਕਿ ਔਰਤਾਂ ਲਈ ਰਾਖਵਾਂ ਰਖਿਆ ਜਾਂਦਾ ਹੈ, ਅਤੇ ਉਹ ਪੱਖ ਹੈ, ਜਿਸ ਤੋਂ ਅਸੀਂ ਔਰਤ ਦੀ ਸਮੂਹ (group) ਦੇ ਰੂਪ ਵਿਚ ਵਿਆਖਿਆ ਬਾਰੇ ਜਾਣ ਸਕਦੇ ਹਾਂ।

ਮਾਤਰਾ ਦੇ ਪੱਖੋਂ ਜ਼ਰੂਰੀ ਪੈਦਾਵਾਰ (socially necessary production) ਵਿਚ ਬਹੁਤ ਵੱਡਾ ਹਿੱਸਾ ਘਰੇਲੂ ਕਿਰਤ ਦਾ ਹੁੰਦਾ ਹੈ। ਇਸ ਦੇ ਬਾਵਜੂਦ ਵੀ ਜਿਨਸ-ਪੈਦਾਵਾਰ (commodity production) ਦੇ ਆਧਾਰ

ਤੇ ਉਸਰੇ ਪੂੰਜੀਵਾਦੀ ਸਮਾਜ ਵਿਚ ਇਸ ਘਰੇਲੂ ਕੰਮ ਨੂੰ ਅਕਸਰ ਫਾਇਦੇਮੰਦ ਤੇ ਸਹੀ ਕੰਮ ਨਹੀਂ ਸਮਝਿਆ ਜਾਂਦਾ, ਕਿਉਂਕਿ ਇਸ ਕੰਮ ਵਿਚ ਲੱਗੀ ਕਿਰਤ ਵਪਾਰ ਅਤੇ ਵਟਾਂਦਰਾ ਮੰਡੀ (trade and exchange market) ਦੇ ਘੇਰੇ ਤੋਂ ਬਾਹਰ ਹੁੰਦੀ ਹੈ। ਅਸਲ ਵਿਚ ਅਜਿਹੀ ਕਿਰਤ ਪ੍ਰੀ-ਪੂੰਜੀਵਾਦੀ (pre-capitalist) ਕਿਰਤ ਹੁੰਦੀ ਹੈ। ਘਰੇਲੂ ਕੰਮ ਦਾ ਸਿਰਫ ਔਰਤਾਂ ਨੂੰ ਹੀ ਸੌਂਪਿਆ ਜਾਣਾ, ਇਸ ਗੱਲ ਦਾ ਸਬੂਤ ਹੈ ਕਿ ਔਰਤਾਂ ਦੇ ਪੈਦਾਵਾਰ ਦੇ ਸਬੰਧ ਮਰਦਾ ਦੇ ਪੈਦਾਵਾਰ ਸਬੰਧਾਂ ਨਾਲੋਂ ਵਖਰੇ ਹੁੰਦੇ ਹਨ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਔਰਤਾਂ ਮਨੁੱਖਾਂ ਦਾ ਉਹ ਗਰੁੱਪ ਹਨ ਜਿਨ੍ਹਾਂ ਦੀ ਜੁੰਮੇਵਾਰੀ ਆਮ ਕਰਕੇ ਤੁਸ਼ਟੀਗੁਣ ਦੀਆਂ ਵਸਤਾਂ (products of use-value) ਨੂੰ ਪੈਦਾ ਕਰਨਾ ਹੈ ਅਤੇ ਜਿਨ੍ਹਾਂ ਦੇ ਕੰਮ ਦਾ ਘੇਰਾ ਜ਼ਿਆਦਾਤਰ ਘਰ ਤੇ ਪਰਿਵਾਰ ਹੀ ਹੁੰਦਾ ਹੈ। ਕਿਉਂਕਿ ਆਦਮੀ ਤੇ ਮੁੱਖ ਰੂਪ ਵਿਚ ਅਜਿਹੀ ਪੈਦਾਵਾਰ ਦੀ ਜੁੰਮੇਵਾਰੀ ਨਹੀਂ ਹੁੰਦੀ, ਸੋ, ਔਰਤਾਂ ਤੇ ਮਰਦਾਂ ਵਿਚ ਇਸੇ ਹੀ ਗੱਲ ਤੋਂ ਮੁੱਢਲਾ ਆਰਥਿਕ, ਤੇ ਸਮਾਜਿਕ ਅੰਤਰ ਜਨਮ ਲੈਂਦਾ ਹੈ।

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸਾਰੀਆਂ ਔਰਤਾਂ ਵੀ ਜਿਨਸ-ਪੈਦਾਵਾਰ ਦੇ ਘੇਰੇ ਤੋਂ ਬਾਹਰ ਨਹੀਂ ਹੁੰਦੀਆਂ, ਨਿਸਚੇ ਹੀ ਕੁਝ ਔਰਤਾਂ ਉਜਰਤੀ-ਕਿਰਤ (wage labour) ਵਿਚ ਹਿੱਸਾ ਲੈਂਦੀਆਂ ਹਨ। ਪਰ ਪੂੰਜੀਵਾਦੀ ਢਾਂਚੇ ਵਿਚ ਇਕ ਗਰੁਪ ਦੇ ਤੌਰ ਤੇ ਇਕ ਸਮੁੱਚੇ ਔਰਤ ਸਮੂਹ ਦੇ ਤੌਰ ਦੇ ਔਰਤਾਂ ਦੇ ਪੈਦਾਵਾਰ ਦੇ ਇਸ ਬਹੁ-ਜਿਨਸ ਪੈਦਾਵਾਰੀ (multi-commodity production) ਖੇਤਰ ਵਿਚ ਕੋਈ ਜਾਹਰਾ (ਪ੍ਰਤੱਖ) ਜੁੰਮੇਵਾਰੀ ਨਹੀਂ ਹੁੰਦੀ। ਇਸ ਦੇ ਉਲਟ ਆਦਮੀ ਸਰਮਾਏਦਾਰੀ ਢਾਂਚੇ ਵਿਚ ਜਿਨਸ ਪੈਦਾਵਾਰ ਲਈ ਜੁੰਮੇਵਾਰ ਹਨ। ਸਿਧਾਂਤਕ ਤੌਰ ਤੇ ਉਨ੍ਹਾਂ ਨੂੰ ਘਰੇਲੂ ਕਿਰਤ ਵਿਚ ਕੋਈ ਹਿੱਸਾ ਲੈਣ ਦੀ ਲੋੜ ਨਹੀਂ ਹੁੰਦੀ। ਜਦ ਕਦੀ ਆਦਮੀ ਘਰੇਲੂ ਪੈਦਾਵਾਰ ਜਿਵੇਂ ਕਿ ਖਾਣਾ ਬਣਾਉਣਾ, ਕਪੜੇ ਧੋਣਾ, ਬਚਿਆਂ ਦੀ ਦੇਖ-ਭਾਲ ਕਰਨਾ, ਆਦਿ ਵਿਚ ਹਿੱਸਾ ਲੈਂਦਾ ਹੈ ਤਾਂ ਇਸ ਨੂੰ ਬਹੁਤ ਜ਼ਰੂਰੀ ਤੇ ਬਹੁਤ ਠੀਕ ਨਹੀਂ ਸਮਝਿਆ ਜਾਂਦਾ। ਔਰਤਾਂ ਦੀ ਨਗੂਣੀ ਸਮਾਜਿਕ ਪੱਧਰ (inferior socal status) ਦੇ ਪਦਾਰਥਿਕ ਆਧਾਰ (material basis) ਦਾ ਪਤਾ ਸਾਨੂੰ ਔਰਤਾਂ ਦੀ ਹਾਲਤ ਅਜਿਹੀ ਵਿਆਖਿਆ ਤੋਂ ਹੀ ਲੱਗ ਸਕਦਾ ਹੈ। ਪੂੰਜੀਵਾਦੀ ਸਮਾਜ ਵਿਚ ਪੈਸਾ ਰਾਜ ਕਰਦਾ ਹੈ, ਪਰ ਔਰਤਾਂ ਇਕ ਸਮੂਹ-ਗਰੁਪ ਦੇ ਤੌਰ ਤੇ ਪੈਸੇ ਤੇ ਆਧਾਰਤ ਪੂੰਜੀਵਾਦੀ ਆਰਥਿਕਤਾ (money based capitalist economy) ਤੋਂ ਬਾਹਰ ਕੰਮ ਕਰਦੀਆਂ ਹਨ। ਉਹਨਾਂ ਦੀ ਕਿਰਤ ਪੈਸਾ ਨਹੀਂ ਕਮਾਉਂਦੀ, ਇਸ ਲਈ ਪੈਸੇ ਤੇ ਆਧਾਰਤ ਸਮਾਜ ਵਿਚ ਇਸ ਨੂੰ ਸਹੀ ਤੇ ਲਾਹੇਵੰਦ ਕਿਰਤ ਨਹੀਂ ਸਮਝਿਆ ਜਾਂਦਾ। ਔਰਤਾਂ ਜੋ ਵਟਾਂਦਰੇ ਪੱਖੋਂ ਲਾਹੇਵੰਦ ਨਾ ਸਮਝੀ ਜਾਂਦੀ ਕਿਰਤ ਕਰਦੀਆਂ ਹਨ, ਆਦਮੀ ਜੋ ਮੰਡੀ ਲਈ ਜਿਨਸਾਂ (commodites) ਪੈਦਾ ਕਰਕੇ ਪੈਸਾ ਕਮਾਉਂਦੇ ਹਨ, ਦੇ ਬਰਾਬਰ (ਪੂੰਜੀਸਾਦੀ ਢਾਂਚ ਵਿਚ) ਨਹੀਂ ਸਮਝੀਆ ਜਾਂਦੀਆਂ। ਇਵੇਂ ਪੂੰਜੀਵਾਦੀ ਸਮਾਜ ਵਿਚ ਔਰਤਾਂ ਦੀ ਹਾਲਤ ਲਗਭਗ ਮੁਜ਼ਾਰਿਆਂ ਤੇ ਛੋਟੇ ਕਿਸਾਨਾਂ ਜਿਹੀ ਹੁੰਦੀ ਹੈ ਜਿਹੜੇ ਜਿਨਸ ਪੈਦਾਵਾਰ (commodity production) ਦੇ ਘੇਰੇ ਤੋਂ ਬਾਹਰ ਰਹਿ ਕੇ ਉਪਜ (products) ਪੈਦਾ ਕਰਦੇ, ਵਰਤਦੇ ਤੇ ਜੀਉਂਦੇ ਹਨ। ਔਰਤਾਂ ਦਾ ਘਰੇਲੂ ਕੰਮ ਵਾਧੂ ਨਹੀਂ ਹੁੰਦਾ, ਪਰ ਪੂੰਜੀਵਾਦੀ ਸਮਾਜ ਵਿਚ ਇਸ ਨੂੰ ਲਾਹੇਵੰਦ ਨਹੀਂ ਗਿਣਿਆ ਜਾਂਦਾ ਕਿਉਂਕਿ ਇਸ ਰਾਹੀਂ ਸਿੱਧੇ ਤੌਰ ਤੇ ਪੈਸਾ ਨਹੀਂ ਕਮਾਇਆ ਜਾ ਸਕਦਾ।

ਕਾਰਖਾਨੇਦਾਰੀ ਸਿਸਟਮ ਦੇ ਹੋਂਦ ਵਿਚ ਆਉਣ ਅਤੇ ਸੱਨਅਤੀ ਕਰਨ (industrial isation) ਦੇ ਵਿਕਾਸ ਦੇ ਬਾਵਜੂਦ ਵੀ ਔਰਤਾਂ ਦੀ ਸਮਾਜਿਕ ਪੱਧਰ ਵਿਚ ਬਹੁਤਾ ਫਰਕ ਨਹੀਂ ਪਿਆ। ਅਸਲ ਵਿਚ ਕੋਈ ਵੀ ਸਮਾਜ ਅਜੇ ਤਕ ਘਰ ਦੇ ਕੰਮ ਨੂੰ ਸੱਨਅਤੀ ਪੱਧਰ (industrialize pattern) ਤੇ ਸੰਗਠਤ ਨਹੀਂ ਕਰ ਸਕਿਆ। ਪਰ ਔਰਤ ਦੀ ਆਜ਼ਾਦੀ ਲਈ ਐਸਾ ਹੋਣਾ ਤੇ ਐਸਾ ਕਰਨਾ, ਇਕ ਮੁੱਢਲੀ ਸ਼ਰਤ ਹੈ। ਐਂਗਲਜ਼ ਨੇ ਕਿਹਾ ਸੀ ਕਿ "ਔਰਤ ਦੀ ਸਮਾਜਿਕ ਮੁਕਤੀ ਲਈ ਪਹਿਲੀ ਸ਼ਰਤ ਇਹ ਹੈ ਕਿ ਸਾਰੀ ਔਰਤ ਜ਼ਾਤ ਨੂੰ ਪਬਲਿਕ ਸੱਨਅਤ (pudlic Industry) ਵਿਚ ਕੰਮ ਦਿੱਤਾ ਜਾਵੇ।" ਐਂਗਲਜ਼ ਦੇ ਵਿਚਾਰ ਅਨੁਸਾਰ "ਵੱਡੇ ਪੈਮਾਨੇ ਦੀ ਸੱਨਅਤ ਦੇ ਹੋਂਦ ਵਿਚ ਆ ਜਾਣ ਤੇ ਇਹ ਸੰਭਵ ਵੀ ਹੋ ਗਿਆ ਹੈ, ਕਿਉਂਕਿ ਆਧੁਨਿਕ ਸੱਨਅਤ (modern industry) ਦਾ ਫਲਾਅ ਤੇ ਵਾਧਾ ਹੌਲੀ ਹੌਲੀ ਨਿਜੀ ਘਰੋਗੀ ਕੰਮ ਨੂੰ ਪਬਲਿਕ ਸੱਨਅਤ ਵਿਚ ਬਦਲ ਦੇਵੇਗਾ।' ਐਂਗਲਜ਼ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ

"ਔਰਤ ਦੀ ਸਮਾਜਿਕ ਮੁਕਤੀ ਅਤੇ ਆਦਮੀਆਂ ਨਾਲ ਬਰਾਬਰਤਾ ਤਦ ਤਕ ਅਸੰਭਵ ਹੈ ਤੇ ਅਸੰਭਵ ਹੀ ਰਹੇਗੀ, ਜਦ ਤਕ ਔਰਤਾਂ ਨੂੰ ਸਮਾਜੀ ਪੱਖੋਂ ਲਾਹੇਵੰਦ ਕਿਰਤੇ (socially productive labour) ਵਿਚ ਨਾ ਲਗਾ ਕੇ, ਸਿਰਫ ਘਰੇਲੂ ਕੰਮ ਜਿਹੜਾ ਕਿ ਨਿਜੀ ਜਿਹਾ ਹੈ, ਵਿਚ ਹੀ ਲਗਾਈ ਰਖਿਆ ਜਾਂਦਾ ਹੈ।" ਪਰ ਇਸ ਸਮਸਿਆ ਦਾ ਹੱਲ ਔਰਤਾਂ ਦੀ ਕਿਰਤ ਨੂੰ ਅਜੋਕੀ ਸੱਨਅਤੀ ਪੈਦਾਵਾਰ ਵਿਚ ਲਗਾ ਦੇਣ ਨਾਲ ਹੀ ਨਹੀਂ ਹੋ ਜਾਂਦਾ। ਇਸ ਗੁੰਝਲਦਾਰ ਸਮਸਿਆ ਦਾ ਹਲ ਨਿਜੀ ਘਰੇਲੂ ਪੈਦਾਵਾਰ (private domestic production) ਦੀ ਸਾਂਝੀ ਸਮਾਜਿਕ ਪੈਦਾਵਾਰ (collective social production) ਵਿਚ ਬਦਲਣ ਨਾਲ ਹੀ ਹੋ ਸਕਦਾ ਹੈ।

ਇਕ ਪ੍ਰੀ-ਸੱਨਅਤੀ ਪੈਦਾਵਾਰ ਦੀ ਇਕਾਈ (pre-industral unit of production) ਵਿਚ ਪੈਦਾਵਾਰ ਬੜੇ ਛੋਟੇ ਪੈਮਾਨੇ ਅਤੇ ਛੋਟੀਆਂ ਛੋਟੀਆਂ ਪੈਦਾਵਾਰ ਦੀਆਂ ਇਕਾਈਆਂ ਜੋ ਅਪਣੇ ਆਪ ਵਿਚ ਲਗਭਗ ਸਵੈ-ਨਿਰਭਰ ਤੇ ਇਕ ਦੂਜੇ ਜਿਹੀਆਂ ਹੀ ਹੁੰਦੀਆਂ ਹਨ ਰਾਹੀਂ ਹੁੰਦੀ ਹੈ। ਆਮ ਕਰਕੇ ਅਜਿਹੀ ਪੈਦਾਵਾਰ ਦੀਆਂ ਇਕਾਈਆਂ ਜਾਤੀ ਤੇ ਭਾਈਚਾਰਾ ਪੱਧਰ (kinship) ਅਤੇ ਅਨੇਕਾਂ ਹੋਰ ਮੰਤਵਾਂ ਨੂੰ ਸਾਹਮਣੇ ਰੱਖ ਕੇ ਸਥਾਪਤ ਕੀਤੀਆਂ ਜਾਂਦੀਆਂ ਹਨ। ਪੈਦਾਵਾਰ ਦੀਆਂ ਅਜਿਹੀਆਂ ਇਕਾਈਆਂ, ਆਰਥਿਕ ਪੱਖ ਤੋਂ ਇਲਾਵਾ, ਧਾਰਮਿਕ, ਮਨੋਰੰਜਕ ਅਤੇ ਸ਼ਿਖਿਆ ਆਦਿ ਕਈ ਪੱਖਾਂ ਤੋਂ ਵੀ ਸਹਾਈ ਹੁੰਦੀਆਂ ਹਨ। ਇਹੋ ਜਿਹੀ ਆਰਥਿਕ-ਸਮਾਜਿਕ ਹਾਲਤ ਵਿਚ ਇਕ ਮਨੁੱਖ ਦੀ ਸਮਾਜਿਕ ਸ਼ਾਨ ਦਾ ਅੰਦਾਜ਼ਾ ਸਿਰਫ ਆਰਥਿਕ ਪਖੋਂ ਹੀ ਨਹੀਂ ਲਾਇਆ ਜਾਂਦਾ, ਸਗੋਂ ਕਈ ਹੋਰ ਲੱਛਣਾਂ (ਵਿਸ਼ੇਸ਼ਤਾਈਆਂ) ਜਿਵੇਂ ਕਿ ਕੁਨਬੇ ਪ੍ਰਤੀ ਵਫ਼ਾਦਾਰੀ, ਆਰਥਿਕ-ਸਮਾਜਿਕ ਤੇ ਧਾਰਮਿਕ ਜ਼ੁੰਮੇਵਾਰੀਆਂ ਨੂੰ ਠੀਕ ਤਰ੍ਹਾਂ ਨਾਲ ਨਿਭਾਉਣਾ ਅਤੇ ਅਜਿਹੇ ਹੋਰ ਕਈ ਪੱਖਾਂ ਨੂੰ ਸਾਹਮਣੇ ਰੱਖ ਕੇ ਹੀ ਲਗਾਇਆ ਜਾਂਦਾ ਹੈ। ਇਸ ਆਧਾਰ ਤੇ ਹਰ ਹੀ ਪੈਦਾਵਾਰ ਸ਼ੁਰੂ ਵਿਚ ਮੰਡੀ ਵਿਚ ਵਟਾਂਦਰੇ ਲਈ ਨਹੀਂ ਹੁੰਦੀ। ਪਰ ਜਦੋਂ ਵਸਤਾਂ ਦਾ ਵਟਾਂਦਰਾ (ਭਾਵ ਵਸਤਾਂ ਦਾ ਜਿਨਸ ਬਣਨਾ) ਹੌਲੀ ਹੌਲੀ ਜ਼ਰੂਰੀ ਹੋ ਜਾਵੇ ਤਾਂ ਵਸਤੂਆਂ (ਹੁਣ ਜ਼ਿਆਦਾਤਰ ਜਿਨਸ ਬਣ ਰਹੀਆਂ) ਨੂੰ ਪੈਦਾ ਕਰਨ ਦੀ ਯੋਗਤਾ ਨੂੰ ਵਧਾਉਣਾ ਜ਼ਰੂਰੀ ਹੋ ਜਾਂਦਾ ਹੈ। ਭਾਈਚਾਰਾ ਪੱਧਰ ਤੇ ਅਧਾਰਤ ਪੈਦਾਵਾਰ ਦੀਆਂ ਛੋਟੀਆਂ ਛੋਟੀਆਂ ਇਕਾਈਆਂ ਦੇ ਖ਼ਾਤਮੇ ਅਤੇ ਇਸ ਦੀ ਥਾਂ ਸੱਨਅਤੀ ਪੈਦਾਵਾਰ ਦੇ ਆ ਜਾਣ ਤੇ ਇਸ ਪੈਦਾਵਾਰ ਦੀ ਯੋਗਤਾ (efficiency of produclion) ਵਿਚ ਯਕੀਨੀ ਵਾਧਾ ਹੁੰਦਾ ਹੈ। ਛੋਟੀਆਂ ਛੋਟੀਆਂ ਪੈਦਾਵਾਰ ਦੀਆਂ ਇਕਾਈਆਂ ਦੀ ਥਾਂ ਹੁਣ ਵੱਡੇ ਪੈਮਾਨੇ ਤੇ ਹੋ ਰਹੀ ਪੈਦਾਵਾਰ ਲੈ ਲੈਂਦੀ ਹੈ ਤੇ ਅਜਿਹੀ ਪੈਦਾਵਾਰ ਛੇਤੀ ਹੀ ਮਨੁੱਖੀ ਸਮਾਜ ਤੇ ਜੀਵਨ ਦੇ ਹੋਰਨਾਂ ਪੱਖਾਂ ਤੋਂ ਜ਼ਿਆਦਾ ਆਰਥਿਕ ਪੱਖ ਨੂੰ ਅਹਿਮੀਅਤ ਦੇ ਦਿੰਦੀ ਹੈ। ਇਵੇਂ ਆਰਥਿਕ ਨਿਪੁੰਨਤਾ ਤੇ ਮਹਾਰਤਾ ਰਾਹੀਂ ਹੀ ਕਿਸੇ ਸ਼ਖਸ਼ ਦੀ ਸਮਾਜਿਕ ਸ਼ਾਨ ਦਾ ਅੰਦਾਜ਼ਾ ਲਗਾਇਆ ਜਾਣ ਲੱਗ ਪੈਂਦਾ ਹੈ। ਅਜਿਹੀ ਨਿਪੁੰਨਤਾ ਤੇ ਮੁਹਾਰਤਾ ਦਾ ਨਿਜੀ ਜ਼ਾਇਦਾਦ ਤੇ ਕਾਬੂ ਨਾਲ ਬਹੁਤ ਨੇੜੇ ਦਾ ਸਬੰਧ ਬਣ ਜਾਂਦਾ ਹੈ। ਪੈਦਾਵਾਰ ਪਹਿਲਾਂ ਤੋਂ ਜ਼ਿਆਦਾ ਯੋਗ (efficient) ਤਰੀਕੇ ਰਾਹੀਂ ਪਬਲਿਕ ਪੱਧਰ ਤੇ ਸੰਗਠਤ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਨਵੇਂ ਉਭਰ ਰਹੇ (ਇਸ ਸਿੱਟੇ ਵਜੋਂ ਹੀ) ਸਮਾਜਿਕ ਢਾਂਚੇ ਦਾ ਅਨਿਖੜਵਾਂ ਹਿੱਸਾ ਬਣ ਜਾਂਦੀ ਹੈ। ਮਨੁੱਖ ਦੀਆਂ ਪੈਦਾਦਾਰ ਦੀਆਂ ਯੋਗਤਾਵਾਂ ਵਿਚ ਅਪਾਰ ਵਾਧਾ ਹੁੰਦਾ ਹੈ। ਪੂੰਜੀਵਾਦੀ ਸਮਾਜ ਵਿਚ ਅਜਿਹੀਆਂ ਸਮਾਜਿਕ ਪੈਦਾਵਾਰ ਦੀਆਂ ਤਾਕਤਾਂ (social productive forces) ਦੀ ਵਰਤੋਂ ਸਿਰਫ ਤੇ ਸਿਰਫ ਨਿਜੀ ਲਾਭ ਦੀ ਖਾਤਰ ਹੀ ਕੀਤੀ ਜਾਂਦੀ ਹੈ। ਅਜਿਹੀ ਸਮਾਜਿਕ ਪੈਦਾਵਾਰ (social production) ਨੂੰ ਨਿਜੀ ਮਾਲਕੀਅਤ private ownership) ਹੇਠ ਲਿਆ ਕੇ ਨਿਜੀ ਪੂੰਜੀ ਦੀ ਸ਼ਕਲ (private capitalized form) ਦੇ ਦਿੱਤੀ ਜਾਂਦੀ ਹੈ।

ਹੁਣ ਜੇਕਰ ਇਨ੍ਹਾਂ ਉਪਰ ਲਿਖੇ ਵਿਚਾਰਾਂ ਅਨੁਸਾਰ ਘਰੇਲੂ ਅਤੇ ਬੱਚੇ ਪਾਲਣ ਆਦਿ ਦੇ ਕੰਮ ਨੂੰ ਵਿਚਾਰਿਆ ਜਾਵੇ ਤਾਂ ਇਹ ਗੱਲ ਸਾਫ਼ ਜ਼ਾਹਿਰ ਹੁੰਦੀ ਹੈ ਕਿ ਹਰ ਪ੍ਰਵਾਰ ਹਰ ਘਰ, ਇਕ ਨਿਜੀ ਪੈਦਾਵਾਰ ਦੀ ਇਕਾਈ ਵਜੋਂ ਪ੍ਰੀ-ਸਮਾਨਤੀ (per industrial production) ਇਕਾਈ ਹੈ, ਉਵੇਂ ਹੀ ਜਿਵੇਂ ਕਿ ਇਕ ਛੋਟੇ ਕਿਸਾਨ, ਮੁਜ਼ਾਰੇ ਜਾਂ ਜੁਲਾਹੇ ਦੀ ਪੈਦਾਵਾਰ ਪ੍ਰੀ-ਸੱਨਅਤੀ ਪੈਦਾਵਾਰ (pre-industrial droduction) ਦੀ ਇਕਾਈ ਹੈ। ਪ੍ਰੀ-ਸੱਨਅਤੀ ਪੈਦਾਵਾਰ ਦੀ ਇਕਾਈ ਦੀਆਂ ਮੁਢਲੀਆਂ ਵਿਸ਼ੇਸ਼ਤਾਈਆਂ-ਕੁਨਬਾ ਆਧਾਰ, ਨਿਜੀ ਤੇ ਛੋਟੇ ਪੱਧਰ ਤੇ ਪੈਦਾਵਾਰ ਆਦਿ

ਘਰੇਲੂ ਅਤੇ ਬੱਚੇ ਪਾਲਣ ਜਿਹੇ ਕੰਮ ਵਿਚ ਸਾਫ਼ ਜ਼ਾਹਿਰ ਹਨ। ਬੇਸ਼ਕ ਪੂੰਜੀਵਾਦੀ ਸਮਾਜ ਵੱਡੇ ਪੈਮਾਨੇ ਤੇ ਜਿਨਸ-ਪੈਦਾਵਾਰ ਤੇ ਅਧਾਰਤ ਹੈ, ਫਿਰ ਵੀ ਅਜੇ ਇਸ ਦਾ ਪ੍ਰਤੱਖ ਅਸਰ ਪ੍ਰਵਾਰ ਦੀ ਸੰਸਥਾ ਅਤੇ ਇਸ ਦੇ ਕੰਮਾਂ ਤੇ ਜ਼ਿਆਦਾ ਨਹੀਂ ਪਿਆ। ਸੱਨਅਤੀਕਰਨ (industrialization) ਆਪਣੇ ਆਪ ਵਿਚ ਮਨੁੱਖ ਦੀ ਭਲਾਈ ਲਈ ਇਕ ਬਹੁਤ ਵੱਡੀ ਤਾਕਤ ਹੈ। ਪੂੰਜੀਵਾਦੀ ਸਮਾਜ ਵਿਚ ਕਿਰਤ ਦੀ ਲੁੱਟ-ਖਸੁੱਟ (exploitation of labour) ਅਤੇ ਕਿਰਤੀ ਨੂੰ ਹੀਣਾ ਕਰਨਾ (dehumanisation of labour) ਪੂੰਜੀਵਾਦ (capitalism) ਦੇ ਦੋਸ਼ ਹਨ, ਇਹ ਸੱਨਅਤੀਕਰਨ (industrialization) ਦੇ ਦੋਸ਼ ਨਹੀਂ ਹਨ। ਨਿਜੀ ਘਰੇਲੂ ਕਿਰਤ ਨੂੰ ਪਬਲਿਕ ਸੱਨਅਤ (public industry) ਵਿਚ ਬਦਲ ਦੇਣ ਦਾ ਅਰਥ ਪੂੰਜੀਵਾਦੀ ਸਮਾਜਾਂ ਵਿਚ ਵੱਖ ਵੱਖ ਹੁੰਦਾ ਹੈ। ਸਮਾਜਵਾਦ ਦੀਆਂ ਤਾਕਤਾਂ (forces of production) ਦੀ ਵਰਤੋਂ ਮਨੁੱਖ ਦੇ ਸਮਾਜਿਕ ਹਿਤਾਂ ਤੇ ਲੋੜਾਂ (social benefits and needs) ਲਈ ਹੁੰਦੀ ਹੈ, ਇਸ ਤੋਂ ਉਲਟ ਪੂੰਜੀਵਾਦ ਵਿਚ ਇਹਨਾਂ ਪੈਦਾਵਾਰ ਦੀਆਂ ਤਾਕਤਾਂ ਦੀ ਵਰਤੋਂ ਨਿਜੀ ਹਿੱਤਾਂ ਤੇ ਲਾਭਾਂ (private benefits and profits) ਲਈ ਹੁੰਦੀ ਹੈ, ਅਤੇ ਇਸ ਤਰ੍ਹਾਂ ਕਿਰਤ ਦੀ ਲੁੱਟ-ਖਸੁੱਟ ਹੁੰਦੀ ਹੈ, ਕਿਰਤੀ ਨੂੰ ਹੀਣਾ ਕੀਤਾ ਜਾਂਦਾ ਹੈ। ਸਮਾਜਵਾਦ ਵਿਚ ਮਨੁਖ ਦੇ ਸਮਾਜਕ ਹਿੱਤਾਂ ਤੇ ਲੋੜਾਂ ਲਈ ਕੀਤੀ ਗਈ ਪੈਦਾਵਾਰ ਦੀਆਂ ਤਾਕਤਾਂ ਦੀ ਵਰਤੋਂ ਕਿਰਤ ਦੀ ਲੁੱਟ-ਖਸੁੱਟ ਅਤੇ ਕਿਰਤੀ ਦੇ ਹੀਣਾਪਣ ਨੂੰ ਹਮੇਸ਼ਾਂ ਲਈ ਖਤਮ ਕਰਦੀ ਹੈ। ਇਸੇ ਸਬੰਧ ਵਿਚ ਹੀ ਅਸੀਂ ਘਰ ਦੀ ਪੈਦਾਵਾਰ ਨੂੰ ਸਮਾਜੀ ਰੂਪ (socialized form) ਵਿਚ ਬਦਲਣ ਦੀ ਗੱਲ ਕਰਦੇ ਹਾਂ। ਅਗਰ ਘਰੇਲੂ ਸੰਭਾਲ ਨੂੰ ਪੂੰਜੀਵਾਦੀ ਸਮਾਜ ਵਿਚ ਪਬਲਿਕ ਆਰਥਿਕਤਾ ਵਿਚ ਬਦਲਿਆ ਜਾਵੇ ਤਾਂ ਇਸ ਵਿਚ ਸਮਾਜੀ ਲੁੱਟ-ਖਸੁੱਟ ਹੋਣ ਦਾ ਡਰ ਬਹੁਤ ਹੈ। ਸਿਰਫ਼ ਸਮਾਜਵਾਦੀ ਸਮਾਜ ਵਿਚ ਪੈਦਾਵਾਰ ਦੇ ਸਮਾਜੀ ਹੋ ਜਾਣ, ਲਾਭ ਦੇ ਮੰਤਵ ਦੇ ਖਤਮ ਹੋ ਜਾਣ ਅਤੇ ਕਿਰਤ ਦੇ ਪਰਾਇਆ-ਪਨ (alienation) ਖਤਮ ਹੋ ਜਾਣ ਤੇ ਹੀ ਘਰ ਦੇ ਕੰਮ ਨੂੰ ਚੰਗੇ ਤਰੀਕੇ ਨਾਲ (ਬਿਨਾਂ ਸਮਾਜੀ ਲੁਟ-ਖਸੁੱਟ ਤੋਂ) ਸੰਗਠਤ ਕੀਤਾ ਜਾ ਸਕਦਾ ਹੈ। ਚੰਗਾ ਭੋਜਨ, ਜ਼ਿਆਦਾ ਸੁਖਦਾਇਕ ਤੇ ਮਨੋਰੰਜਕ ਆਲਾ-ਦੁਆਲਾ, ਜ਼ਿਆਦਾ ਯੋਗ (efficient) ਤੇ ਪਿਆਰੇ ਤਰੀਕੇ ਨਾਲ ਬੱਚਿਆਂ ਦੀ ਦੇਖ ਭਾਲ ਆਦਿ, ਇਹ ਸਭ ਕੁਝ ਸਨਅਤੀ ਸਮਾਜਵਾਦੀ ਸਮਾਜ (industrialze socialist society) ਵਿਚ ਹੀ ਸੰਭਵ ਹੋ ਸਕਦਾ ਹੈ।

ਇਹ ਕਿਹਾ ਜਾ ਸਕਦਾ ਹੈ ਕਿ ਅਜੋਕੇ ਪੂੰਜੀਵਾਦੀ ਸਮਾਜਾਂ ਵਿਚ ਘਰਾਂ ਦਾ ਕੰਮ ਕਾਫ਼ੀ ਘਟ ਗਿਆ ਹੈ। ਜੇ ਇਹ ਸਚ ਵੀ ਹੈ ਤਾਂ ਇਸ ਨਾਲ ਸਾਡੀ ਮੁਢਲੀ ਦਲੀਲ ਵਿਚ ਕੋਈ ਫਰਕ ਨਹੀਂ ਪੈਂਦਾ। ਪੂੰਜੀਵਾਦੀ ਸਮਾਜ ਵਿਚ ਕੁਝ ਇਕ ਬਹੁਤ ਅਮੀਰ ਹੀ ਘਰ ਦੇ ਸਮੁੱਚੇ ਕੰਮ ਲਈ ਨੌਕਰ ਰੱਖ ਸਕਦੇ ਹਨ। ਅਜਿਹੇ ਪ੍ਰਵਾਰਾਂ ਵਿਚੋਂ ਵੀ ਬਹੁਤੇ ਘਰਾਂ ਵਿਚ ਔਰਤਾਂ ਲਈ ਕੰਮ ਨੂੰ ਇਕ ਖਾਸ ਹੱਦ ਤੋਂ ਹੇਠਾਂ ਘਟਾਉਣਾ ਮੁਸ਼ਕਲ ਹੋ ਜਾਂਦਾ ਹੈ। ਘਰ ਦੇ ਕੁਝ ਜ਼ਰੂਰੀ ਕੰਮ ਹੁੰਦੇ ਹਨ, ਜਿਵੇਂ ਕਿ ਘਰ ਦੀ ਸੰਭਾਲ ਕਰਨਾ, ਪਤੀ ਤੇ ਬੱਚਿਆਂ ਦੀ ਸੰਭਾਲ ਤੇ ਦੇਖ ਭਾਲ ਕਰਨਾ, ਖਾਣੇ ਦਾ ਪ੍ਰਬੰਧ ਕਰਨਾ ਜਾਂ ਕਰਾਉਣਾ ਆਦਿ ਬਚਿਆਂ ਨੂੰ ਪਾਲਣ ਦਾ ਕੰਮ ਅਕਸਰ ਮਾਵਾਂ ਨੂੰ ਖੁਦ ਕਰਨਾ ਪੈਂਦਾ ਹੈ। ਪਰ ਇਹ ਕੰਮ ਬਹੁਤ ਜ਼ਿਆਦਾ ਮਿਹਨਤ ਮੰਗਦਾ ਹੈ ਅਤੇ ਇਸ ਦੀ ਕੀਮਤ (price) ਹੁੰਦੀ ਹੈ। ਇਸ ਕੀਮਤ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਬਚਿਆਂ ਦੀ ਸੰਭਾਲ ਦਾ ਕੰਮ ਕਿਸੇ ਤਨਖਾਹ ਤੇ ਕੰਮ ਕਰ ਰਹੀ ਆਇਆ ਖਿਡਾਵੀ (nurse) ਤੋਂ ਕਰਵਾਇਆ ਜਾਂਦਾ ਹੈ। ਜਦ ਮਾਂ ਬਚੇ ਦੀ ਦੇਖਭਾਲ ਕਰੇ ਤਾਂ ਉਸ ਦੀਆਂ ਸੇਵਾਵਾਂ ਦਾ ਸਿਰਫ਼ ਤੁਸ਼ਟੀਗੁਣ (use-value) ਹੀ ਹੁੰਦਾ ਹੈ, ਕੋਈ ਵਟਾਂਦਰਾ ਮੂਲ (exchange-value) ਨਹੀਂ ਹੁੰਦਾ। ਪਰ ਜਦ ਇਹ ਕੰਮ ਆਇਆ (ਖਿਡਾਵੀ) ਜਾਂ ਨਰਸ ਜਾਂ ਅਧਿਆਪਕ ਕਰੇ ਤਾਂ ਉਸ ਦੀਆਂ ਸੇਵਾਵਾਂ ਦਾ ਵਟਾਂਦਰਾ ਮੂਲ ਹੁੰਦਾ ਹੈ, ਅਤੇ ਇਹਨਾਂ ਸੇਵਾਵਾਂ ਬਦਲੇ ਉਸ ਨੂੰ ਮਜ਼ਦੂਰੀ ਜਾਂ ਤਨਖਾਹ ਮਿਲਦੀ ਹੈ। ਘਰ ਦੇ ਕੰਮ ਨੂੰ ਚਾਹੇ ਕਿੰਨਾ ਵੀ ਘਟਾ ਦਿੱਤਾ ਜਾਵੇ, ਫਿਰ ਵੀ ਇਹ ਕੰਮ ਜਿੰਨਾਂ ਔਰਤ ਨੂੰ ਕਰਨਾ ਪੈਂਦਾ ਹੈ, ਅਗਰ ਮਜ਼ਦੂਰੀ ਜਾਂ ਤਨਖਾਹ ਦੇ ਕੇ ਕਿਸੇ ਤੋਂ ਕਰਵਾਇਆ ਜਾਵੇ ਤਾਂ ਬਹੁਤ ਮਹਿੰਗਾ ਪੈਂਦਾ ਹੈ। ਪੂੰਜੀਵਾਦੀ ਸਮਾਜ ਵਿਚ ਥੋੜੀ ਆਮਦਨ (ਜੋ ਬਹੁ ਗਿਣਤੀ ਦੀ ਹੁੰਦੀ ਹੈ) ਵਾਲੇ ਪ੍ਰਵਾਰ ਅਜਿਹਾ ਨਹੀਂ ਕਰ ਸਕਦੇ। ਨਤੀਜੇ ਵਜੋਂ ਅਜਿਹੇ ਸਮਾਜ ਵਿਚ ਕਿਸੇ ਵੀ ਹਾਲਤ ਵਿਚ, ਘਰੇਲੂ ਕੰਮ ਨਿਜੀ ਪੈਦਾਵਾਰ (personal production) ਦੇ ਖੇਤਰ ਵਿਚ ਹੀ ਰਹਿੰਦਾ ਹੈ ਤੇ ਇਵੇਂ ਯਕੀਨਨ ਔਰਤਾਂ ਨੂੰ ਹੀ ਕਰਨਾ ਪੈਂਦਾ ਹੈ।

ਹਰ ਪੂੰਜੀਵਾਦੀ ਸਮਾਜ ਵਿਚ ਇਹ ਗੱਲ ਆਮ ਮੰਨੀ ਜਾਂਦੀ ਅਤੇ ਵਿਦਿਅਕ ਸੰਸਥਾਵਾਂ ਵਿਚ ਵੀ ਸਮਝਾਈ ਜਾਂਦੀ ਹੈ ਕਿ ਪ੍ਰਵਾਰ ਦਾ ਇਕ ਅਹਿਮ ਕੰਮ ਜਜ਼ਬਾਤੀ ਲੋੜਾਂ-ਨੇੜਤਾ ਦੀ ਭਾਵਨਾ, ਨਿਘੇ ਸੁਰਖਿਆ ਆਪਸੀ ਸਬੰਧ

ਆਦਿ—ਦੀ ਤਸੱਲੀ ਕਰਨਾ ਹੈ। ਅਜਿਹੇ ਸਮਾਜ ਵਿਚ ਅਜਿਹੀਆਂ ਜਜ਼ਬਾਤੀ ਲੋੜਾਂ ਦੀ ਤਸੱਲੀ ਲਈ ਹੋਰ ਵੀ ਰਾਹ ਹਨ ਜਿਵੇਂ ਕੰਮਕਾਰੀ ਸੰਬੰਧ ਤੇ ਜਾਣਕਾਰੀਆਂ ਆਦਿ। ਪਰ ਫਿਰ ਵੀ ਕੰਮਕਾਰੀ ਸਬੰਧਾਂ (work relationships) ਤੇ ਜਾਣਕਾਰੀਆਂ ਨੂੰ ਇਤਨਾਂ ਅਹਿਮ ਨਹੀਂ ਸਮਝਿਆ ਜਾਂਦਾ, ਜਿਤਨਾ ਕਿ ਔਰਤ-ਮਰਦ ਦੇ ਆਪਸੀ ਸਬੰਧਾਂ ਅਤੇ ਔਰਤ-ਮਰਦ ਦੇ ਉਨ੍ਹਾਂ ਦੇ ਬਚਿਆਂ ਨਾਲ ਸਬੰਧਾਂ ਨੂੰ ਸਮਝਿਆ ਜਾਂਦਾ ਹੈ। ਇਥੋਂ ਤਕ ਕਿ ਅਜਿਹੇ (ਪੂੰਜੀਵਾਦੀ) ਸਮਾਜ ਵਿਚ ਕੁਨਬਾ-ਸਬੰਧ ਤੇ ਸਾਂਝਾਂ ਵੀ ਇਸ ਤੋਂ ਦੂਜੇ ਦਰਜੇ ਤੇ ਹੀ ਆਉਂਦੀਆਂ ਹਨ। ਇਵੇਂ ਜਜ਼ਬਾਤੀ ਲੋੜਾਂ (emotional needs) ਨੂੰ ਪੂਰਾ ਕਰਨਾ ਪ੍ਰਵਾਰ ਦਾ ਇਕ ਬਹੁਤ ਹੀ ਮਹੱਤਵ ਭਰਿਆਂ ਕੰਮ ਮੰਨਿਆ ਜਾਂਦਾ ਹੈ ਅਤੇ ਇਹ ਸਮਝਿਆ ਜਾਂਦਾ ਹੈ ਕਿ ਅਜਿਹਾ ਹੋਣ ਤੇ ਹੀ ਇਕ ਪ੍ਰਵਾਰ ਆਪਣੇ ਆਰਥਿਕ ਕਰਤੱਵ ਨੂੰ ਪੂਰਾ ਕਰ ਸਕਦਾ ਹੈ। ਘਰ ਦਾ ਕਾਮਾ-ਮਰਦ ਪਿਤਾ ਅਤੇ ਜਾਂ ਪਤੀ ਦੇ ਰੂਪ ਵਿਚ ਆਪਣੀ ਕਮਾਈ ਨਾਲ ਆਪਣੇ ਆਪ ਦੀ ਅਤੇ ਇਸ ਦੇ ਨਾਲ ਹੀ ਘਰ ਦੀ ਮਾਂ ਅਤੇ ਬਚਿਆਂ ਦੇ ਕੰਮਾਂ ਦੀ ਮਜ਼ਦੂਰੀ (ਅਸਿੱਧੇ ਢੰਗ ਨਾਲ) ਖ਼ੁਦ ਦੇਂਦਾ ਹੈ। ਇਵੇਂ ਪੂੰਜੀਵਾਦੀ ਸਮਾਜ ਵਿਚ ਇਕ ਕਾਮੇ ਮਰਦ ਦੀ ਮਜ਼ਦੂਰੀ ਜਾਂ ਤਨਖਾਹ ਉਸ ਦੀ ਹੀ ਕਿਰਤ-ਸ਼ਕਤੀ (labour-power) ਨੂੰ ਹੀ ਨਹੀਂ ਖ਼ਰੀਦੀ ਸਗੋਂ ਘਰ ਦੇ ਹੋਰ ਮੈਂਬਰਾਂ (ਔਰਤਾਂ ਤੇ ਬੱਚੇ ਆਦਿ) ਦੀ ਵੀ ਕਿਰਤ ਨੂੰ ਖ਼ਰੀਦਦੀ ਹੈ।

ਇਸ ਦੂਸਰੇ ਕੰਮ (ਕਾਮੇ-ਮਰਦ ਦਾ ਆਪਣੀ ਕਮਾਈ ਵਿਚੋਂ ਔਰਤ ਤੇ ਪ੍ਰਵਾਰ ਦੇ ਦੂਜੇ ਮੈਂਬਰਾਂ ਨੂੰ ਮਜ਼ਦੂਰੀ ਦੇਣਾ) ਦੀ ਮਹੱਤਤਾ ਉਸ ਸਮੇਂ ਪ੍ਰਤੱਖ ਨਜ਼ਰ ਆਉਂਦੀ ਹੈ, ਜਦ ਪਤੀ ਪਤਨੀ ਦਾ ਪ੍ਰੀਵਾਰਕ ਰਿਸ਼ਤਾ ਤਲਾਕ (divorce) ਕਰਕੇ ਟੁੱਟ ਜਾਂਦਾ ਹੈ, ਕਿਉਂਕਿ ਤਲਾਕ ਤੋਂ ਬਾਅਦ ਵੀ ਪ੍ਰਵਾਰ ਦਾ ਇਹ ਆਰਥਿਕ ਕੰਮ ਬਣਿਆ ਰਹਿੰਦਾ ਹੈ ਅਤੇ ਸਗੋਂ ਜ਼ਿਆਦਾ ਯਕੀਨੀ ਤੇ ਜ਼ਰੂਰੀ ਹੋ ਜਾਂਦਾ ਹੈ। ਤਲਾਕ ਤੋਂ ਪਹਿਲਾਂ ਜੇਕਰ ਬੱਚੇ ਵੀ ਹੋਣ ਤਾਂ ਬਚਿਆਂ ਨੂੰ ਪਾਲਣ ਦੀ ਮਿਹਨਤ ਵੀ ਅਕਸਰ (ਤਲਾਕ ਲੈ ਚੁੱਕੀ) ਔਰਤ ਨੂੰ ਹੀ ਕਰਨੀ ਪੈਂਦੀ ਹੈ। ਬੁਰਜੂਆ ਕਾਨੂੰਨ-ਕਾਇਦੇ ਅਨੁਸਾਰ ਅਜਿਹੀ ਹਾਲਤ ਵੀ (ਤਲਾਕ ਲੈ ਚੁੱਕਾ) ਮਰਦ ਆਪਣੀ ਪਹਿਲੀ ਪਤਨੀ (ex-wife) ਦੀ ਇਸ ਮਿਹਨਤ ਦਾ ਮੁਆਵਜ਼ਾ (remuneration) ਦਿੰਦਾ ਹੈ। ਇਹ ਉਸ ਨੂੰ ਕਨੂੰਨਣ (by-law) ਕਰਨਾ ਪੈਂਦਾ ਹੈ। ਆਮ ਕਰਕੇ ਮਰਦ ਦੀ ਆਪਣੀ ਕਮਾਈ ਇੰਨੀ ਜ਼ਿਆਦਾ ਨਹੀਂ ਹੁੰਦੀ ਕਿ ਉਹ ਇਕ ਹੋਰ ਵਿਆਹ ਕਰਕੇ ਇਕ ਦੂਸਰਾ ਪ੍ਰਵਾਰ ਕਾਇਮ ਕਰ ਸਕੇ। ਇਥੇ ਇਹ ਧਿਆਨ ਦੇਣ ਯੋਗ ਗੱਲ ਹੈ ਕਿ ਮਰਦ ਨੂੰ ਮਜਬੂਰਨ ਆਪਣੀਆਂ ਜਜ਼ਬਾਤੀ ਲੋੜਾਂ ਦਾ ਅੰਤ ਕਰਨਾ ਪੈਂਦਾ ਹੈ ਤਾਂ ਹੀ ਉਹ ਆਪਣੀ ਪਹਿਲੀ ਔਰਤ ਤੇ ਬਚਿਆਂ ਨੂੰ ਪਾਲਣ ਲਈ ਖਰਚਾ ਦੇ ਸਕਦਾ ਹੈ। ਅਗਰ ਆਦਮੀ ਨੂੰ ਇਹ ਖਰਚਾ ਨਾ ਦੇਣਾ ਪਵੇ ਤਾਂ ਉਹ ਇਕ ਹੋਰ ਵਿਆਹ ਕਰਕੇ ਰਹਿ ਸਕਦਾ ਹੈ ਅਤੇ ਇਵੇਂ ਨਵਾਂ ਪ੍ਰਵਾਰ ਵਸਾ ਸਕਦਾ ਹੈ। ਪਰ ਹੁਣ ਉਹ ਇਵੇਂ ਨਹੀਂ ਕਰ ਸਕਦਾ, ਕਿਉਂਕਿ ਬੁਰਜੂਆ ਸਮਾਜ (ਜੋ ਕਿ ਨਿਜੀ ਜਾਇਦਾਦ, ਨਿਜੀ ਲਾਭ ਤੇ ਕਾਇਮ ਅਤੇ ਪੈਸੇ ਦੇ ਅਸਰ ਹੇਠ ਹੁੰਦਾ ਹੈ) ਆਪਣੇ ਕਾਨੂੰਨ-ਕਾਇਦੇ ਦੁਆਰਾ ਐਸਾ ਕਰਨ ਨਹੀਂ ਦਿੰਦਾ। ਇਥੇ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਬੁਰਜੂਆ ਸਮਾਜ ਵਿਚ ਜਦੋਂ ਵੀ ਪ੍ਰਵਾਰ ਦੇ ਆਰਥਿਕ ਕਰਤੱਵ ਅਤੇ ਜਜ਼ਬਾਤੀ ਲੋੜਾਂ ਨੂੰ ਪੂਰਾ ਕਰਨ ਦੇ ਕਰਤੱਵ ਵਿਚ ਖਹਿ ਵਧਦੀ ਹੈ, ਤਾਂ ਹਮੇਸ਼ਾਂ ਪ੍ਰਵਾਰ ਦੇ ਆਰਥਿਕ ਕਰਤੱਵ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ ਅਤੇ ਪ੍ਰਵਾਰ ਦੇ ਮਨੁੱਖ ਦੀਆਂ ਜਜ਼ਬਾਤੀ ਲੋੜਾਂ ਨੂੰ ਪੂਰਾ ਕਰਨ ਦੇ ਕਰਤੱਵ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਇਹ ਗੱਲ ਬੁਰਜੂਆ ਸਮਾਜ ਵਿਚ ਹੀ ਵਾਪਰਦੀ ਹੈ, ਜੋ ਇਹ ਸਿਖਾਉਂਦਾ ਹੈ ਕਿ ਪ੍ਰਵਾਰ ਦਾ ਸਭ ਤੋਂ ਅਹਿਮ ਕੰਮ ਮਨੁੱਖ ਦੀਆਂ ਜਜ਼ਬਾਤੀ ਲੋੜਾਂ ਦੀ ਤਸੱਲੀ ਕਰਨਾ ਹੈ। ਕਿਉਂਕਿ ਬੁਰਜੂਆ ਸਮਾਜ (capitalist society) ਵਿਚ ਜਜ਼ਬਾਤੀ ਪੱਖ ਵੱਲ (ਖਾਸ ਕਰਕੇ ਪਰਿਵਾਰਕ ਸਬੰਧਾਂ ਵਿਚ ਸੰਕਟ ਆਉਣ ਸਮੇਂ) ਕੋਈ ਧਿਆਨ ਨਹੀਂ ਦਿਤਾ ਜਾਂਦਾ, ਇਸ ਲਈ ਇਹ ਸੋਚਣਾ ਪਏਗਾ ਕਿ ਫਿਰ ਇਸ (ਜਜ਼ਬਾਤੀ ਪੱਖ) ਤੋਂ ਬਿਨਾਂ, ਪਰਿਵਾਰ ਦੀ ਬਣਤਰ ਦਾ ਅਸਲ ਆਧਾਰ (real basis) ਹੋਰ ਕੀ ਹੋ ਸਕਦਾ ਹੈ? ਨਿਸਚੇ ਹੀ ਬੁਰਜੂਆ ਸਮਾਜ ਵਿਚ ਪਰਿਵਾਰ ਦੀ ਬਣਤਰ ਦਾ ਅਸਲ ਆਧਾਰ ਆਰਥਿਕ ਪੱਖ ਹੁੰਦਾ ਹੈ। ਬੇਸ਼ਕ ਬੁਰਜੂਆ ਸਮਾਜ ਅਤੇ ਅਜਿਹੇ ਸਮਾਜ ਦੀ ਬੁਰਜੂਆ ਸੋਚਣੀ ਇਸ ਨੂੰ ਮੰਨਣ ਲਈ ਤਿਆਰ ਨਾ ਵੀ ਹੋਣ।

ਅਜ ਦੇ ਪੂੰਜੀਵਾਦੀ ਸਮਾਜਾਂ ਦੇ ਨਵ-ਛੋਟੇ ਪਰਿਵਾਰ (ਪਰਿਵਾਰ, ਜਿਨ੍ਹਾਂ ਵਿਚ ਸਿਰਫ਼ ਪਤੀ-ਪਤਨੀ ਤੇ ਉਨ੍ਹਾਂ ਦੇ ਛੋਟੇ ਬੱਚੇ ਹੀ ਰਹਿੰਦੇ ਹੋਣ (nuclear families) ਸਾਡੇ ਪੂੰਜੀਵਾਦੀ ਢਾਂਚੇ ਨੂੰ ਕਾਇਮ ਰਖਣ ਲਈ ਅਹਿਮ ਰੋਲ ਅਦਾ ਕਰ ਰਹੇ ਹਨ। ਕਿਵੇਂ? ਉਪਰ ਅਸੀਂ ਵੇਖ ਚੁੱਕੇ ਹਾਂ ਕਿ ਹਰ ਕਾਮੇ-ਮਰਦ ਨੂੰ ਆਪਣੀ ਪਤਨੀ ਦੀਆਂ ਘਰ ਵਿਚ ਕੀਤੀਆਂ ਸੇਵਾਵਾਂ ਦਾ ਅਤੇ ਕੰਮਾਂ ਦਾ ਇਵਜ਼ਾਨਾ ਦੇਣਾ ਪੈਂਦਾ ਹੈ ਅਤੇ ਇਸ ਲਈ ਉਹ ਘਰ ਤੋਂ ਬਾਹਰ ਆਪਣੇ ਲਈ

ਹੀ ਨਹੀਂ ਕੰਮ ਕਰਦਾ ਸਗੋਂ ਆਪਣੀ ਪਤਨੀ ਦੀਆਂ ਸੇਵਾਵਾਂ ਤੇ ਕੰਮਾਂ ਦਾ ਇਵਜ਼ਾਨਾ ਦੇਣ ਲਈ ਵੀ ਕਰਦਾ ਹੈ। ਅਜਿਹੇ ਨਵ-ਛੋਟੇ ਪਰਿਵਾਰਾਂ (nuclear families) ਪਾਸ ਘਰ ਦੇ ਕਾਮੇ-ਮਰਦ ਦੀ ਕਮਾਈ ਤੋਂ ਬਿਨਾਂ ਅਕਸਰ ਹੋਰ ਕੋਈ ਆਰਥਿਕ ਕਮਾਈ ਦਾ ਸਾਧਨ ਨਹੀਂ ਹੁੰਦਾ ਅਤੇ ਇਵੇਂ ਕੋਈ ਹੋਰ ਸਮਾਜਿਕ ਸੁਰਖਿਆ ਵੀ ਨਹੀਂ ਹੁੰਦੀ। ਸਿਰਫ ਪਰਿਵਾਰ ਦੇ ਢਾਂਚੇ ਨੂੰ ਕਾਇਮ ਰਖਣ (ਤਾਂ ਜੋ ਆਰਥਿਕ-ਸਮਾਜਿਕ ਸੁਰਖਿਆ ਦਾ ਪ੍ਰਬੰਧ ਬਣਿਆ ਰਹੇ) ਲਈ ਹੀ, ਘਰ ਦੇ ਕਾਮੇ-ਮਰਦ ਨੂੰ ਜ਼ਰੂਰੀ ਹੀ ਆਪਣੀ ਕਿਰਤ ਨੂੰ ਕਿਰਤ-ਮੰਡੀ (labour market) ਵਿਚ ਵੇਚਣਾ ਪੈਂਦਾ ਹੈ। ਕਿਉਂਕਿ ਸਿਰਫ ਇਸ ਤਰ੍ਹਾਂ ਹੀ ਘਰ ਦੀ ਆਰਥਿਕ-ਇਕਾਈ ਬਣੀ ਰਹਿ ਸਕਦੀ ਹੈ, ਇਸ ਲਈ ਘਰ ਦਾ ਕਮਾਊ-ਮਰਦ ਹਰ ਹੀਲੇ ਆਪਣੀ ਰੋਜ਼ੀ ਦੇ ਕੰਮ ਨੂੰ ਕਾਇਮ ਰਖਣਾ ਚਾਹੁੰਦਾ ਹੈ। ਇਸ ਹਾਲਤ ਵਿਚ ਫਸਿਆਂ ਕੋਈ ਵੀ ਕਾਮਾ-ਆਦਮੀ ਵਰਤਮਾਨ ਸਥਿਤੀਆਂ (ਹਾਲਤਾਂ) ਨੂੰ ਬਦਲਣ ਲਈ ਚਲ ਰਹੇ ਘੋਲਾਂ ਵਿਚ ਹਿਸਾ ਲੈਣੋਂ ਝਿਜਕਦਾ ਹੈ। ਇਥੇ ਵਿਸਥਾਰ ਵਿਚ ਨਾ ਜਾਂਦਿਆਂ ਹੋਇਆਂ, ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਅਜਿਹੀ ਆਰਥਿਕ ਤੇ ਸਮਾਜਿਕ ਹਾਲਤ ਵਿਚ ਹੋਣਾ ਮੌਜੂਦਾ (ਪੂੰਜੀਵਾਦੀ) ਸਮਾਜ ਨਾਲ ਮਿਲ ਕੇ ਚਲਣਾ ਹੁੰਦਾ ਹੈ। ਇਹਨਾਂ ਨਵ-ਛੋਟੇ ਪਰਿਵਾਰਾਂ ਦੀ ਗਿਣਤੀ ਹਰ ਪੂੰਜੀਵਾਦੀ ਸਮਾਜ ਵਿਚ ਦਿਨੋਂ ਦਿਨ ਵੱਧ ਰਹੀ ਹੈ। ਅਜਿਹਾ ਹੋਣ (ਭਾਵ ਸਿਰਫ ਆਪੇ ਲਈ ਜੀਣ ਦੀ ਭਾਵਨਾ, ਜੋ ਕਿ ਪੂੰਜੀਵਾਦੀ ਸਮਾਜ ਦੀਆਂ ਕਦਰਾਂ ਤੇ ਕੀਮਤਾਂ ਸਿਖਾਉਂਦੀਆਂ ਹਨ) ਦੇ ਅਨੇਕਾਂ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਕਾਰਨ ਹਨ। ਇਹਨਾ ਨਵ-ਛੋਟੇ ਪਰਿਵਾਰਾਂ ਦੇ ਕਮਾਊ-ਮਰਦਾਂ ਦੀ ਆਪਣੀ ਕਿਰਤ-ਸ਼ਕਤੀ ਨੂੰ ਕਿਰਤ-ਮੰਡੀ ਵਿਚ ਵੇਚਣ ਦੀ ਸਮਰਥਾ ਕਮਜ਼ੋਰ ਹੁੰਦੀ ਹੈ, ਇਸ ਲਈ ਉਹ ਹੌਲੀ ਹੌਲੀ ਪੂੰਜੀਵਾਦੀ ਢਾਂਚੇ ਦੀ ਪੈਦਾਵਾਰ ਲਈ ਸਿਰਫ ਪੁਰਜ਼ੇ ਹੀ ਬਣ ਜਾਂਦੇ ਹਨ।

ਅਗਰ ਪੂੰਜੀਵਾਦੀ ਸਮਾਜ ਵਿਚ ਔਰਤਾਂ ਸਮਾਜਿਕ ਕਿਰਤ (social labour) ਵਿਚ ਹਿਸਾ ਲੈਣਾ ਸ਼ੁਰੂ ਕਰ ਦੇਣ ਤਾਂ ਵੀ ਉਹਨਾਂ ਦੀ ਆਪਣੀਆਂ ਕਿਰਤ-ਹਾਲਤਾਂ (working conditions) ਨੂੰ ਕਾਬੂ ਕਰਨ ਦੀ ਸਮਰਥਾ ਬਹੁਤ ਘਟ ਹੁੰਦੀ ਹੈ। ਸੋ ਅਜਿਹੇ ਸਮਾਜ ਵਿਚ ਜ਼ਿਆਦਾਤਰ ਔਰਤ-ਵਰਗ ਆਰਥਿਕ ਤੇ ਕਮਾਊ-ਮਰਦਾਂ ਤੇ ਹੀ ਨਿਰਭਰ ਕਰਦਾ ਹੈ। ਇਕ ਔਰਤ ਦੀ ਇਸ ਆਰਥਿਕ ਨਿਰਭਰਤਾ ਦਾ ਪ੍ਰਗਟਾਵਾ ਅਕਸਰ ਉਸਦੀ ਮਰਦ ਦੇ ਜਜ਼ਬਾਤੀ ਨਿਰਭਰਤਾ ਰਾਹੀਂ ਹੀ ਹੁੰਦਾ ਜਾਪਦਾ ਹੈ। ਅਜਿਹੀਆਂ ਔਰਤਾਂ ਅਕਸਰ ਕਿਰਤ ਪੱਖੋਂ ਸੁਸਤ, ਜਜ਼ਬਾਤੀ ਜਿਹੀਆਂ, ਪਿਛਾਂਹ-ਖਿਚੂ ਅਤੇ ਡਰਪੋਕ ਸ਼ਖਸੀਅਤਾਂ ਹੀ ਹੁੰਦੀਆਂ ਹਨ। ਇਹਨਾਂ ਔਰਤਾਂ ਦਾ ਇਹ ਖਾਸਾ ਹੁੰਦਾ ਹੈ ਕਿ ਇਹ ਅਕਸਰ ਵਰਤਮਾਨ ਸਹੂਲਤਾਂ (ਚਾਹੇ ਇਹ ਕਿੰਨੀਆਂ ਵੀ ਅਕਾਊ ਅਤੇ ਢਾਊ ਕਿਉਂ ਨਾ ਹੋਣ) ਨੂੰ ਹੀ ਕਾਇਮ ਰਖਣਾ ਚਾਹੁੰਦੀਆਂ ਹਨ।

ਨਵ-ਛੋਟੇ ਪਰਿਵਾਰ (nuclear family) ਨੂੰ ਉਪਭੋਗ (consumplion) ਦੀ ਇਕ ਆਦਰਸ਼ ਇਕਾਈ ਮੰਨਿਆ ਜਾਂਦਾ ਹੈ ਅਤੇ ਕਈ ਵਾਰ ਪੂੰਜੀਵਾਦੀ ਸਮਾਜ ਵਿਚ, ਅਜਿਹੇ ਪਰਿਵਾਰਾਂ ਦੇ ਇਸ ਕੰਮ (ਉਪਭੋਗ) ਨੂੰ ਇਕ ਅਹਿਮ ਕੰਮ ਵੀ ਮੰਨ ਲਿਆ ਜਾਂਦਾ ਹੈ ਅਤੇ ਇਵੇਂ ਹੀ ਔਰਤਾਂ ਨੂੰ ਚੰਗੀਆਂ ਉਪਭੋਗੀ (consumers) ਮੰਨਿਆ ਜਾਂਦਾ ਹੈ। ਅਸਲ ਵਿਚ ਇਹ ਗਲ ਠੀਕ ਨਹੀਂ ਹੈ। ਪੂੰਜੀਵਾਦੀ ਸਮਾਜ ਵਿਚ ਹਰ ਸ਼ਖਸ਼ ਕਿਸੇ ਨਾ ਕਿਸੇ ਰੂਪ ਵਿਚ, ਕਿਸੇ ਨਾ ਕਿਸੇ ਵਸਤੂ ਜਾਂ ਜਿਨਸ ਦਾ ਉਪਭੋਗੀ (consumer) ਹੈ ਅਤੇ ਪਰਿਵਾਰ ਨੂੰ ਸਿਰਫ ਇਕ ਸੰਗਠਤ ਉਪਭੋਗੀ ਇਕਾਈ (consumption-unit) ਹੀ ਮੰਨਿਆ ਜਾਣਾ ਚਾਹੀਦਾ ਹੈ। ਅਗਰ ਔਰਤ ਨੂੰ ਚੰਗੀਆਂ ਉਪਭੋਗੀ (consumers) ਮੰਨਿਆ ਜਾਂਦਾ ਹੈ ਤਾਂ ਇਹ ਕੋਈ ਅਨੋਖੀ ਗਲ ਨਹੀਂ, ਅਜਿਹਾ ਕਰਨਾ ਤਾਂ ਉਹਨਾਂ ਲਈ ਉਹਨਾਂ ਦੀ ਘਰੇਲੂ ਕੰਮ-ਕਾਰ ਤੇ ਬੱਚਿਆਂ ਨੂੰ ਪਾਲਣ-ਪੋਸਣ ਕਰਨ ਦੀ ਜ਼ੰਮੇਵਾਰੀ ਕਰਕੇ ਜ਼ਰੂਰੀ ਹੀ ਹੋ ਜਾਂਦਾ ਹੈ। ਇਸ ਦੇ ਇਲਾਵਾ ਔਰਤਾਂ ਦੀ ਖਰੀਦ ਕਰਦੇ ਸਮੇਂ ਜਿਨਸ-ਮੰਡੀ ਵਿਚ ਅਕਸਰ ਲੁੱਟ-ਖਸੁੱਟ ਹੁੰਦੀ ਹੈ। ਇਸ ਦੇ ਕਾਰਨ ਹਨ, ਔਰਤਾਂ ਦਾ ਅੱਜ ਦੇ ਸਮਾਜ ਵਿਚ ਹੀਣੀ ਸਮਾਜਕ ਤੇ ਪਰਿਵਾਰਕ ਪੱਧਰ ਤੇ ਹੋਣਾ ਅਤੇ ਉਨ੍ਹਾਂ ਵਿਚ ਸਹੀ-ਗਲਤ ਦੀ ਬਹੁਤੀ ਠੀਕ ਪਛਾਣ ਦੀ ਘਾਟ ਦਾ ਹੋਣਾ।

ਕਿਸੇ ਪੂੰਜੀਵਾਦੀ ਦੇਸ਼ ਦੀ ਆਰਥਿਕ ਤੇ ਸਨਅਤੀ ਖੇਤਰਾਂ ਵਿਚ ਕਿਰਤ ਦੀ ਮੰਗ (demand of labour) ਘਟਦੀ-ਵਧਦੀ ਰਹਿੰਦੀ ਹੈ। ਸਾਡੇ ਦੇਸ਼ ਵਿਚ ਇਹਨਾਂ ਖੇਤਰਾਂ ਲਈ ਕਿਰਤੀਆਂ ਦੀ ਘਾਟ ਨਹੀਂ ਹੈ, ਪਰ ਅਜਿਹੀ ਘਾਟ ਨੂੰ ਮਹਿਸੂਸ ਕਰਨ ਵਾਲੇ ਅਨੇਕਾਂ ਹੋਰ ਦੇਸ਼ਾਂ ਵਿਚ ਲੋੜ ਪੈਣ ਤੇ ਔਰਤਾਂ ਤੋਂ ਵੀ ਕਿਰਤਨਾ ਕੰਮ ਆਮ ਲਿਆ ਜਾਂਦਾ ਹੈ। ਯੂਰਪੀਨ ਦੇਸ਼ਾਂ ਵਿਚ ਸਨਅਤੀਕਰਨ ਦੇ ਸ਼ੁਰੂ ਵਿਚ ਅਤੇ ਫਿਰ ਦੋਹਾਂ ਸੰਸਾਰ ਜੰਗਾਂ ਦੇ ਵਿਚਲੇ ਸਮੇਂ ਵਿਚ ਔਰਤਾਂ ਕਿਰਤ-ਤਾਕਤ (labour-force) ਦਾ ਇਕ ਵੱਡਾ ਹਿਸਾ ਬਣੀਆਂ ਰਹੀਆਂ। ਪਰ ਜਦ ਵੀ ਕਿਰਤ ਦੀ ਮੰਗ ਘਟੀ, ਸਭ

ਤੋਂ ਪਹਿਲਾਂ ਔਰਤ ਦੀ ਕਿਰਤ ਨੂੰ ਹੀ ਵਾਧੂ ਕਰਾਰ ਦਿਤਾ ਗਿਆ। ਕਿਰਤ ਦੀ ਮੰਗ ਘਟ ਜਾਣ ਸਮੇਂ ਅਕਸਰ ਪਹਿਲਾਂ ਔਰਤਾਂ ਨੂੰ ਹੀ ਕੰਮ ਤੋਂ ਕੱਢਿਆ ਜਾਂਦਾ ਹੈ (ਕਾਰਖਾਨੇਦਾਰ ਜਾਂ ਕਿਰਤ-ਸ਼ਕਤੀ ਦੇ ਖਰੀਦਦਾਰ ਦੁਆਰਾ) ਜਾਂ ਔਰਤਾਂ ਤੋਂ ਕੰਮ ਛੁਡਵਾ ਲਿਆ ਜਾਂਦਾ ਹੈ। (ਘਰ ਦੇ ਕਾਮੇ-ਮਰਦ ਦੁਆਰਾ) ਉਹ ਖੁਦ ਹੀ ਕੰਮ ਛੱਡ ਦਿੰਦੀਆਂ ਹਨ। ਕਿਸੇ ਵੀ ਸਮੇਂ ਜਦ ਮਰਦ-ਪਤੀ ਅਤੇ ਔਰਤ-ਪਤਨੀ ਵਿਚੋਂ ਕਿਸੇ ਇਕ ਨੂੰ ਕੰਮ ਛੱਡਣ ਦੀ ਜ਼ਰੂਰਤ ਪਏ ਤਾਂ, ਅਕਸਰ ਔਰਤ-ਪਤਨੀ ਨੂੰ ਹੀ ਅਜਿਹਾ ਕਰਨਾ ਪੈਂਦਾ ਹੈ। ਇਹ ਇਸ ਲਈ ਕਿ ਆਦਮੀ ਜਾਂ ਔਰਤ ਜਾਂ ਹੋਰ ਸਭ ਕਦੀ ਵੀ ਔਰਤ ਦੇ ਜਿਨਸ (commodity) ਪੈਦਾ ਕਰਨ ਲਈ ਆਪਣੀ ਕਿਰਤ-ਸ਼ਕਤੀ ਨੂੰ ਵੇਚਣ ਦੀ ਗਲ ਨੂੰ ਬਹੁਤ ਗੰਭੀਰਤਾ ਨਾਲ ਨਹੀਂ ਲੈਂਦੇ। ਅਕਸਰ ਇਹ ਸਿਖਾਇਆ ਜਾਂਦਾ ਹੈ (ਪੂੰਜੀਵਾਦੀ ਸਮਾਜ ਵਿਚ) ਕਿ ਔਰਤਾਂ ਦਾ ਅਸਲ ਕੰਮ ਘਰੇਲੂ ਕੰਮ ਹੈ, ਚਾਹੇ ਉਹ ਇਕਲੀਆਂ ਹੋਣ, ਜਾਂ ਘਰ ਦੀਆਂ ਮੁੱਖੀ ਵੀ ਕਿਉਂ ਨਾ ਹੋਣ।

ਮਨੁੱਖੀ ਇਤਿਹਾਸ ਦੇ ਵੱਖ ਵੱਖ ਸਮਿਆਂ ਵਿਚ ਘਰ ਦੇ ਕੰਮ ਦੀ ਜ਼ੁੰਮੇਵਾਰੀ ਔਰਤਾਂ ਦੀ ਹੀ ਰਹੀ ਹੈ। ਜਦੋਂ ਵੀ ਕੋਈ ਔਰਤ ਘਰ ਤੋਂ ਬਾਹਰ ਕੰਮ ਕਰਦੀ ਹੈ ਤਾਂ ਇਸ ਨਾਲ ਉਸ ਦਾ ਘਰ ਦਾ ਕੰਮ ਬਿਲਕੁਲ ਖਤਮ ਨਹੀਂ ਹੋ ਜਾਂਦਾ (ਥੋੜ੍ਹਾ ਘੱਟ ਭਾਵੇਂ ਜਾਵੇ)। ਅਜਿਹੀਆਂ ਔਰਤਾਂ ਨੂੰ ਘਰ ਤੋਂ ਬਾਹਰ ਕੰਮ ਕਰਨ ਤੋਂ ਇਲਾਵਾ ਘਰ ਵਿਚ ਵੀ ਕੰਮ ਕਰਨਾ ਪੈਂਦਾ ਹੈ ਜਾਂ ਫਿਰ ਘੱਟ ਤੋਂ ਘੱਟ ਘਰ ਵਿਚ ਹੋ ਰਹੇ ਕੰਮ ਦੀ ਦੇਖਭਾਲ ਤਾਂ ਜ਼ਰੂਰ ਹੀ ਕਰਨੀ ਪੈਂਦੀ ਹੈ। ਔਰਤਾਂ ਜੋ ਵਿਆਹੀਆਂ ਹੋਣ ਅਤੇ ਜਿਨ੍ਹਾਂ ਦੇ ਬਚੇ ਵੀ ਹੋਣ, ਅਗਰ ਉਹ ਘਰ ਤੋਂ ਬਾਹਰ ਕੰਮ ਕਰਨ ਤਾਂ ਉਹਨਾਂ ਦੇ ਇਹ ਦੋਵੇਂ ਕੰਮ (ਘਰ ਤੋਂ ਬਾਹਰ ਤੇ ਘਰ ਵਿਚ) ਫਿਰ ਵੀ ਬਣੇ ਰਹਿੰਦੇ ਹਨ। ਅਜਿਹੀਆਂ ਔਰਤਾਂ ਨੂੰ ਘਰ ਤੋਂ ਬਾਹਰ ਕੰਮ ਅਕਸਰ ਤਦ ਤਕ ਹੀ ਕਰਨ ਦਿੱਤਾ ਜਾਂਦਾ ਹੈ, ਜਦ ਤਕ ਅਜਿਹਾ ਕਰਨ ਨਾਲ ਉਹਨਾਂ ਦੀ ਪਹਿਲਾਂ ਘਰ ਵਿਚ ਕੰਮ ਕਰਨ ਦੀ ਜ਼ੁੰਮੇਵਾਰੀ ਵਿਚ ਕੋਈ ਰੋਕ ਨਹੀਂ ਪੈਂਦੀ। ਅਜੇ ਰੂਸ ਅਤੇ ਅਜਿਹੇ ਪੂਰਬੀ ਯੂਰਪ ਦੇ ਦੇਸ਼ਾਂ ਵਿਚ ਵੀ ਔਰਤ ਦੀ ਅਜਿਹੀ ਹੀ ਹਾਲਤ ਹੈ। ਇਹਨਾਂ ਦੇਸ਼ਾਂ ਵਿਚ ਔਰਤਾਂ ਲਈ ਕੰਮ ਕਰਨ ਦੇ ਮੌਕੇ ਬਹੁਤ ਵਧਾ ਦਿਤੇ ਗਏ ਹਨ, ਇਸ ਲਈ ਬਹੁਤੀਆਂ ਔਰਤਾਂ ਘਰ ਤੋਂ ਬਾਹਰ ਕੰਮਾਂ ਰਾਹੀਂ ਸਮਾਜ ਦੀ ਪਦਾਰਥਿਕ ਪੈਦਾਵਾਰ (material production) ਵਿਚ ਹਿੱਸਾ ਲੈਂਦੀਆਂ ਹਨ। ਪਰ ਇਹਨਾਂ ਦੇਸ਼ਾਂ ਵਿਚ ਵੀ ਅਜੇ ਘਰ ਦੇ ਕੰਮ ਨੂੰ ਪੂਰੀ ਤਰ੍ਹਾਂ ਸੱਨਅਤੀ ਆਧਾਰ (industrial-basis) ਤੇ ਸੰਗਠਤ ਨਹੀਂ ਕੀਤਾ ਗਿਆ। ਸੋ ਨਤੀਜੇ ਵਜੋਂ ਔਰਤਾਂ ਨੂੰ ਦੂਹਰਾ ਕੰਮ (ਘਰ ਵਿਚ ਤੇ ਬਾਹਰ ਵੀ) ਕਰਨਾ ਪੈਂਦਾ ਹੈ। ਔਰਤ ਦੀ ਸਮਾਜਿਕ ਆਜ਼ਾਦੀ ਲਈ ਇਕ ਜ਼ਰੂਰੀ ਸ਼ਰਤ ਹੈ ਕਿ ਔਰਤ ਨੂੰ ਮਰਦ ਦੇ ਬਰਾਬਰ ਅਤੇ ਬਰਾਬਰਤਾ ਦੇ ਆਧਾਰ ਤੇ ਸਮਾਜਿਕ ਪਦਾਰਥਿਕ ਪੈਦਾਵਾਰ ਵਿਚ ਹਿੱਸਾ ਲੈਣ ਦਾ ਮੌਕਾ ਮਿਲੇ (ਇਹ ਸ਼ਰਤ ਰੂਸ ਤੇ ਦੂਜੇ ਅਜਿਹੇ ਪੂਰਬੀ ਯੂਰਪ ਦੇ ਦੇਸ਼ਾਂ ਵਿਚ ਪੂਰੀ ਹੁੰਦੀ ਹੈ), ਪਰ ਇਹ ਇਕ ਹੀ ਜ਼ਰੂਰੀ ਸ਼ਰਤ ਕਾਫ਼ੀ ਨਹੀਂ ਹੈ। ਕਿਉਂਕਿ ਜਦ ਤਕ ਘਰ ਦੇ ਕੰਮ ਨੂੰ ਇਕ ਨਿਜੀ ਪੈਦਾਵਾਰ ਅਤੇ ਸਿਰਫ਼ ਔਰਤ ਦੀ ਜ਼ੁੰਮੇਵਾਰੀ ਹੀ ਸਮਝਿਆ ਜਾਏਗਾ, ਤਦ ਤਕ ਔਰਤ ਨੂੰ ਘਰ ਤੋਂ ਬਾਹਰ ਸਮਾਜਿਕ ਪਦਾਰਥਿਕ ਪੈਦਾਵਾਰ ਦੇ ਕੰਮ ਵਿਚ ਹਿੱਸਾ ਲੈਣ ਸਮੇਂ ਦੂਹਰਾ (ਘਰ ਵੀ ਤੇ ਬਾਹਰ ਵੀ) ਕੰਮ ਕਰਨਾ ਪਏਗਾ। ਇਸ ਲਈ ਔਰਤ ਦੀ ਸਮਾਜਿਕ ਆਜ਼ਾਦੀ ਲਈ ਦੂਜੀ ਅਹਿਮ ਸ਼ਰਤ ਇਹ ਹੈ ਕਿ ਘਰ ਦੇ ਕੰਮ ਨੂੰ ਨਿਜੀ ਪੈਦਾਵਾਰ ਦੇ ਆਧਾਰ ਤੋਂ ਉਲਟ ਸਮਾਜਿਕ ਪੈਦਾਵਾਰ ਦੇ ਅਧਾਰ ਤੇ ਸੰਗਠਤ ਕੀਤਾ ਜਾਏ।

ਕਿਉਂਕਿ ਔਰਤ ਨੂੰ ਸਮਾਜਿਕ-ਆਜ਼ਾਦੀ ਤਦ ਹੀ ਮਿਲੇਗੀ ਜਦ ਕਿ ਘਰ ਤੋਂ ਬਾਹਰ ਦੇ ਕੰਮਾਂ ਦੇ ਨਾਲ ਹੀ ਘਰ ਦੇ ਕੰਮਾਂ ਨੂੰ ਵੀ ਨਿਜੀ ਪੈਦਾਵਾਰ ਦੇ ਘੇਰੇ ਵਿਚੋਂ ਕੱਢ ਕੇ ਸਮਾਜਿਕ ਪੈਦਾਵਾਰ ਬਣਾਇਆ ਜਾਏਗਾ, ਸੋ ਇਸ ਦਾ ਅਰਥ ਹੈ ਕਿ ਬਚਿਆਂ ਦਾ ਪਾਲਣ ਪੋਸ਼ਣ ਤੇ ਦੇਖ ਭਾਲ ਦੀ ਜ਼ੁੰਮੇਵਾਰੀ ਸਿਰਫ਼ ਮਾਂਪਿਆਂ ਦੀ ਹੀ ਨਹੀਂ ਰਹੇਗੀ, ਸਗੋਂ ਇਹ ਜ਼ੁੰਮੇਵਾਰੀ ਸਮੁੱਚੇ ਸਮਾਜ ਨੂੰ ਆਪਣੇ ਸਿਰ ਲੈਣੀ ਪਵੇਗੀ। ਅਜਿਹਾ ਕਰਨ ਲਈ ਔਰਤਾਂ/ਬਚਿਆਂ ਦੀ, ਪਤੀ/ਪਿਤਾ ਤੇ ਆਰਥਿਕ ਨਿਰਭਰਤਾ (economic dependence) ਨੂੰ ਖ਼ਤਮ ਕਰਨਾ ਪਵੇਗਾ। ਇਸ ਦੇ ਨਾਲ ਹੀ ਘਰ ਦੇ ਕੰਮ ਕਰਨ ਦੇ ਤਰੀਕੇ ਵੀ ਬਦਲਣੇ ਪੈਣਗੇ ਜਿਵੇਂ ਕਿ ਨਿਜੀ ਖਾਣ-ਪੀਣ ਦੇ ਰਿਵਾਜ ਦੀ ਥਾਂ ਸਮੁੱਚੇ ਤੌਰ ਤੇ ਸਮਾਜਿਕ ਖਾਣਿਆਂ ਦਾ ਪ੍ਰਬੰਧ ਕਰਨਾ ਪਵੇਗਾ। ਅਜਿਹਾ ਕਰਨ ਨਾਲ ਜਦ ਘਰੋਗੀ ਕੰਮ ਸਮਾਜਿਕ ਖੇਤਰ ਵਿਚ ਆ ਜਾਣਗੇ ਤਾਂ ਔਰਤਾਂ ਵਿਰੁੱਧ ਸਮਾਜਿਕ ਵਿਤਕਰੇ ਦਾ ਪਦਾਰਥਿਕ ਆਧਾਰ ਵੀ ਖਤਮ ਹੋ ਜਾਵੇਗਾ। ਕਿਸੇ ਵੀ ਸਮੇਂ, ਔਰਤ ਦੀ ਸਮਾਜਿਕ ਆਜ਼ਾਦੀ ਲਈ ਇਹ ਇਕ ਜ਼ਰੂਰੀ ਤੇ ਅਹਿਮ ਗੱਲ ਹੈ।

ਪਰ ਔਰਤ ਦੀ ਸਮਾਜਿਕ ਆਜ਼ਾਦੀ ਲਈ ਇਹ ਸਿਰਫ ਮੁਢਲੀਆਂ ਸ਼ਰਤਾਂ ਹੀ ਹਨ। ਔਰਤ ਦੇ ਹੀਣੇ ਸਮਾਜ ਦਰਜੇ (inferior social status) ਦਾ ਖਿਆਲ ਬੁਰਜੂਆ ਸਮਾਜਿਕ ਸੋਚਣੀ ਵਿਚ ਬਹੁਤ ਡੂੰਘਾ ਹੈ ਅਤੇ ਇਸ ਨੂੰ ਪੂਰੀ

ਤਰ੍ਹਾਂ ਖਤਮ ਕਰਨ ਲਈ ਬਹੁਤ ਲੰਮੀਆਂ ਕੋਸ਼ਿਸ਼ਾਂ ਦੀ ਲੋੜ ਹੈ । ਔਰਤ ਪ੍ਰਤੀ ਅਜਿਹੀਆਂ (ਔਰਤਾਂ ਦੇ ਹੀਣੇ ਪਣ ਵੀਆਂ) ਭਾਵਨਾਵਾਂ ਦਾ ਖਾਤਮਾ ਕਰਨ ਲਈ ਸਾਨੂੰ ਉਸ ਪ੍ਰੀ-ਸਮਾਜਵਾਦੀ ਢਾਂਚੇ (pre-socialist structure) ਜੋ ਸਾਮੰਤਵਾਦ ਜਾਂ ਅਰਧ-ਸਾਮੰਤਵਾਦ ਜਾਂ ਪੂੰਜੀਵਾਦ ਹੋ ਸਕਦਾ ਹੈ, ਅਤੇ ਜੋ ਅਜਿਹੇ ਵਿਚਾਰਾਂ ਤੇ ਭਾਵਨਾਵਾਂ ਨੂੰ ਪੈਦਾ ਕਰਦਾ ਤੇ ਇਹਨਾਂ ਨੂੰ ਕਾਇਮ ਰੱਖਦਾ ਹੈ, ਨੂੰ ਪੂਰੀ ਤਰ੍ਹਾਂ ਖਤਮ ਕਰਨਾ ਪਵੇਗਾ । ਐਸਾ ਕਰਨ ਤੋਂ ਬਾਦ ਹੀ ਅਸੀਂ ਇਸ ਦਿਸ਼ਾ ਵੱਲ ਅੱਗੇ ਤਰੱਕੀ ਦੀ ਗੱਲ ਸੋਚ ਸਕਦੇ ਹਾਂ । ਪੂੰਜੀਵਾਦੀ ਸਮਾਜ ਵਿਚ ਜੇਕਰ ਸਮੁੱਚੇ ਸਮਾਜੀ ਖਾਣਿਆਂ ਦੀ ਰੀਤ ਹੋਂਦ ਵਿਚ ਆ ਜਾਵੇ ਤਾਂ ਵੀ ਔਰਤਾਂ ਨੂੰ ਹੀ ਇਹ ਕੰਮ ਸਮਾਜਿਕ ਪੱਧਰ ਤੇ ਕਰਨਾ ਪੈ ਸਕਦਾ ਹੈ । ਪਰ ਪੂੰਜੀਵਾਦੀ ਸਮਾਜ ਵਿਚ ਇਤਨਾ ਹੋ ਜਾਣਾ ਵੀ ਔਰਤ ਦੀ ਸਮਾਜਿਕ ਆਜ਼ਾਦੀ ਵਾਸਤੇ ਇਕ ਤਰੱਕੀ ਹੋਵੇਗੀ, ਕਿਉਂਕਿ ਅਗਰ ਔਰਤਾਂ ਨੂੰ ਘਰ ਦੇ ਨਿਜੀ ਪੈਦਾਵਾਰ ਦੇ ਕੰਮ ਤੋਂ ਇਕ ਵਾਰ ਖੁਲ੍ਹ ਮਿਲ ਜਾਵੇ ਤਾਂ ਫਿਰ ਉਹਨਾਂ ਨੂੰ ਲਿੰਗ ਅਨੁਸਾਰ ਹੋਈ ਕਿਤੇ ਦੀ ਵੰਡ (sex-based division of labour) ਦੀਆਂ ਫਜ਼ੂਲ ਹੱਦਾਂ ਅੰਦਰ ਨਹੀਂ ਰਖਿਆ ਜਾ ਸਕਦਾ । ਇਸ ਗੱਲ ਤੋਂ ਔਰਤ ਦੀ ਸਮਾਜਿਕ ਮੁਕਤੀ ਦੀਆਂ (ਉਪਰ ਲਿਖੀਆਂ ਗਈਆਂ) ਦੋ ਮੁਢਲੀਆਂ ਸ਼ਰਤਾਂ ਵਿਚ ਆਪਸੀ ਸਬੰਧ ਦਾ ਪਤਾ ਲੱਗਦਾ ਹੈ । ਇਹ ਇਵੇਂ ਹੈ : ਜਦ ਤਕ ਔਰਤ ਨੂੰ ਘਰੇਲੂ ਕੰਮ ਤੋਂ ਅਜ਼ਾਦੀ ਨਹੀਂ ਮਿਲਦੀ ਤਦ ਤਕ ਘਰ ਤੋਂ ਬਾਹਰ ਦੇ ਕੰਮਾਂ ਵਿਚ ਵੀ ਉਸ ਨੂੰ ਬਰਾਬਰਤਾ ਮਿਲਣੀ ਅਸੰਭਵ ਹੈ ਅਤੇ ਔਰਤ ਨੂੰ ਘਰ ਤੋਂ ਬਾਹਰ ਸਮਾਜਿਕ ਪੱਖੋਂ ਲੋੜੀਂਦੇ (ਲਾਹੇਵੰਦ) ਕੰਮਾਂ ਵਿਚ ਰੁਜ਼ਗਾਰ ਦੇ ਦੇਣ ਦੀ ਆਪਣੇ ਆਪ ਵਿਚ ਜ਼ਿਆਦਾ ਮਹੱਤਤਾ ਨਹੀਂ, ਜਦ ਤਕ ਕਿ ਔਰਤ ਦੇ ਕੰਮ ਨੂੰ ਸਮਾਜਿਕ ਸੱਨਅਤ ਦੇ ਆਧਾਰ (social-industrial pattern) ਤੇ ਸੰਗਠਤ ਨਹੀਂ ਕੀਤਾ ਜਾਂਦਾ । ਇਹਨਾਂ ਦੋਹਾਂ ਸ਼ਰਤਾਂ ਦਾ ਇਕੋ ਹੀ ਸਮੇਂ ਪੂਰਾ ਹੋਣਾ ਔਰਤ ਦੀ ਆਰਥਿਕ ਤੇ ਸਮਾਜਿਕ ਆਜ਼ਾਦੀ ਲਈ ਅੰਤ ਜ਼ਰੂਰੀ ਹੈ ।

ਸਿਧਾਂਤਕ ਤੌਰ ਤੇ ਪੂੰਜੀਵਾਦੀ ਢਾਂਚੇ ਅੰਦਰ ਵੀ ਔਰਤਾਂ ਦੇ ਘਰ ਤੋਂ ਬਾਹਰ ਸਮਾਜਿਕ ਪੈਦਾਵਾਰ ਵਿਚ ਹਿੱਸਾ ਲੈਣ ਲਈ ਮੌਜੂਦਾ ਪੈਦਾਵਾਰ ਤੇ ਤਰੀਕਿਆਂ ਵਿਚ ਤਬਦੀਲੀਆਂ ਸੰਭਵ ਮੰਨੀਆਂ ਜਾਂ ਸਕਦੀਆਂ ਹਨ । ਪਰ ਅਸਲ ਵਿਚ (ਪੂੰਜੀਵਾਦੀ ਢਾਂਚੇ ਅੰਦਰ) ਅਗਰ ਅਜਿਹਾ ਕੀਤਾ ਜਾਵੇ ਤਾਂ ਘਰ ਦੇ ਕੰਮ ਨੂੰ ਸਮਾਜਿਕ ਸੱਨਅਤ ਦੇ ਆਧਾਰ ਤੇ ਸੰਗਠਤ ਕਰਨ ਦੀ ਕੀਮਤ ਸਮਾਜਿਕ ਪੱਖੋਂ ਬਹੁਤ ਜ਼ਿਆਦਾ ਹੋਵੇਗੀ । ਕਿਉਂਕਿ ਅਜਿਹੇ ਢਾਂਚੇ ਵਿਚ ਸਮਾਜ ਦਾ ਬਹੁਤ ਵੱਡਾ ਹਿੱਸਾ ਲੋੜੀਂਦੇ ਸਾਧਨਾਂ ਦੀ ਮਾਲਕੀ ਜਾਂ ਵਰਤੋਂ ਤੋਂ ਹਮੇਸ਼ਾਂ ਵਾਂਝਿਆ ਰਹਿੰਦਾ ਹੈ, ਇਸ ਲਈ ਅਜਿਹੀਆਂ ਸਹੂਲਤਾਂ ਸਭ ਲਈ ਪੈਦਾ ਨਹੀਂ ਕੀਤੀਆਂ ਜਾ ਸਕਦੀਆਂ । ਜਿਥੇ ਵੀ ਜੇਬ ਦੀ ਤਾਕਤ (ਪੈਸੇ) ਦਾ ਬੋਲ-ਬਾਲਾ ਹੋਵੇ, (ਜਿਵੇਂ ਕਿ ਪੂੰਜੀਵਾਦੀ ਸਮਾਜ ਵਿਚ) ਉਥੇ ਅਜਿਹਾ ਕਰਨ ਵਿਚ ਬਹੁਤ ਸਫਲਤਾ ਮਿਲਣ ਦੀ ਆਸ ਨਹੀਂ ਹੋ ਸਕਦੀ । ਔਰਤਾਂ ਨੂੰ ਘਰ ਦੇ ਕੰਮ-ਕਾਰ ਵਿਚ ਹੀ ਲਗਾਈ ਰੱਖਣ ਦੀ ਲੋੜ ਸਾਡੇ ਢਾਂਚੇ ਵਿਚ ਦੋ ਗੱਲਾਂ ਕਰਕੇ ਹੈ । ਪਹਿਲੀ ਗੱਲ ਇਹ ਕਿ, ਔਰਤਾਂ ਤੋਂ ਪ੍ਰਤੱਖ ਰੂਪ ਵਿਚ ਉਹਨਾਂ ਦੇ ਕੰਮ-ਕਾਰ ਦਾ ਇਵਜ਼ਾਨਾ ਦਿਤੇ ਬਿਨਾਂ ਹੀ ਕੰਮ ਲੈਣਾ, ਉਹਨਾਂ ਲੋਕਾਂ ਜਿੰਨਾਂ ਪਾਸ ਪੈਦਾਵਾਰ ਦੇ ਸਾਧਨਾਂ ਦੀ ਮਾਲਕੀਅਤ ਹੈ, ਲਈ ਬਹੁਤ ਜ਼ਰੂਰੀ ਹੈ । ਕਿਉਂਕਿ ਔਰਤਾਂ ਘਰ ਵਿਚ ਇਤਨਾ ਜ਼ਿਆਦਾ ਕੰਮ ਕਰਦੀਆਂ ਹਨ ਕਿ ਅਗਰ ਉਹਨਾਂ ਨੂੰ ਸਭ ਤੋਂ ਘੱਟ ਦਰਾਂ ਤੇ ਵੀ ਮਜ਼ਦੂਰੀ ਦਿੱਤੀ ਜਾਵੇ, ਤਾਂ ਵੀ ਅੱਜ ਦੀ ਸਮਾਜਿਕ ਦੌਲਤ (shcial wealth)ਦੀ ਸਮੁੱਚੇ ਤੌਰ ਤੇ ਦੁਬਾਰਾ ਵੰਡ ਕਰਨੀ ਕਰਨੀ ਪਵੇਗੀ । ਇਸ ਸਮੇਂ ਪ੍ਰਵਾਰ ਦੀ ਸਹਾਇਤਾ ਘਰ ਦੇ ਕਾਮੇ-ਮਰਦ ਤੇ ਇਕ ਤਰ੍ਹਾਂ ਨਾਲ ਛੁਪਿਆ ਹੋਇਆ ਟੈਕਸ ਹੈ, ਕਿਉਂਕਿ ਉਸ ਦੀ ਕਮਾਈ ਦੋ ਸ਼ਖਸ਼ਾਂ ਆਪਣੀ ਪਤਨੀ ਦੀ ਕਿਰਤ ਸ਼ਕਤੀ ਨੂੰ ਖਰੀਦਦੀ ਹੈ । ਦੂਜੀ ਗੱਲ ਇਹ ਗੱਲ ਇਹ ਕਿ ਅੱਜ ਦੇ (ਪੂੰਜੀਵਾਦੀ) ਸਮਾਜ ਦਾ ਆਰਥਿਕ ਆਧਾਰ ਐਸਾ ਹੈ ਕਿ (ਸਭ) ਔਰਤਾਂ ਨੂੰ ਪੂਰੇ ਸਮੇਂ ਲਈ ਲਗਾਤਾਰ ਪੱਧਰ (ਨਿਰੰਤਰ ਤੌਰ) ਤੇ ਸਮਾਜਿਕ ਪੈਦਾਵਾਰ ਦੀ ਕਿਰਤ ਵਿਚ ਕੰਮ ਦੇਣਾ, ਇਸ ਢਾਂਚੇ ਲਈ ਇਕ ਮੁਸ਼ਕਲ ਕੰਮ ਹੈ । ਯੂਰਪ ਦੇ ਵਿਕਸਤ ਪੂੰਜੀਵਾਦੀ ਦੇਸ਼ਾਂ ਵਿਚ ਵੀ ਔਰਤਾਂ ਨੂੰ ਜ਼ਿਆਦਾ ਗਿਣਤੀ ਵਿਚ ਸਮੁੱਚੀ ਆਰਥਿਕਤਾ ਦੀ ਸਮਾਜਿਕ ਪੈਦਾਵਾਰ ਵਿਚ ਹਿੱਸਾ ਲੈਣ ਲਈ ਕੰਮ ਦੇਣਾ, ਸਿਰਫ ਲੜਾਈਆਂ ਦੇ ਸਮੇਂ ਹੀ ਸੰਭਵ ਹੋ ਸਕਿਆ ਹੈ ।

ਵਿਕਸਤ ਪੂੰਜੀਵਾਦੀ ਸਮਾਜ ਅਜੇ ਤਕ ਔਰਤਾਂ ਲਈ ਪੂਰੇ ਤੌਰ ਤੇ ਘਰ ਤੋਂ ਬਾਹਰ ਰੁਜ਼ਗਾਰ ਦੇ ਸਮਾਜੀ ਪੱਖੋਂ ਲੋੜੀਂਦੇ (ਲਾਹੇਵੰਦ) ਕੰਮਾਂ ਦਾ ਵਿਸਥਾਰ ਨਹੀਂ ਕਰ ਸਕੇ । ਇਹ ਇਸ ਕਰਕੇ ਕਿ ਔਰਤਾਂ ਦੇ ਘਰੇਲੂ ਕੰਮ ਨੂੰ ਪੂੰਜੀਵਾਦੀ ਸਮਾਜ ਵਿਚ ਸੱਨਅਤ ਦੇ ਆਧਾਰ ਤੇ ਸੰਗਠਨ ਕਰਨ ਨਾਲ ਵੀ ਘਰ ਤੋਂ ਬਾਹਰ ਰੁਜ਼ਗਾਰ ਲਈ ਨਵੇਂ ਕਿਤੇ ਹੋਂਦ ਵਿਚ ਨਹੀਂ ਆ ਸਕਦੇ । ਅਜਿਹਾ ਨਾ ਹੋਣ (ਭਾਵ ਨਵੇਂ ਕਿਤਿਆਂ ਦਾ ਹੋਂਦ ਵਿਚ ਨਾ ਆਉਣਾ) ਦੇ ਦੋ ਮੁਖ ਕਾਰਨ ਹਨ । ਪਹਿਲਾਂ ਕਾਰਨ ਇਹ ਕਿ ਪੂੰਜੀਵਾਦੀ ਢਾਂਚੇ ਦੀ ਅਜੋਕੀ ਬਣਤਰ ਨੂੰ ਕਾਇਮ ਰੱਖਣ ਵਾਲੀਆਂ ਆਰਥਿਕ

ਤਾਕਤਾਂ, ਅਜਾਰਾਦਾਰੀ (monoply) ਤਾਕਤਾਂ ਹਨ ਜਿਨ੍ਹਾਂ (ਪੂੰਜੀਵਾਦੀ) ਸਮਾਜ ਦੀ ਸਮੁੱਚੀ ਪਦਾਰਥਿਕ ਪੈਦਾਵਾਰ ਨੂੰ ਆਪਣੇ ਕਬਜ਼ੇ ਵਿਚ ਕਰ ਰਖਿਆ ਹੈ। ਦੂਜਾ ਕਾਰਨ ਇਹ ਕਿ ਕਿਉਂਕਿ ਪੂੰਜੀਵਾਦੀ ਸਮਾਜ ਨਿਜੀ ਜਾਇਦਾਦ ਤੇ ਨਿਜੀ ਲਾਭ ਦੇ ਆਧਾਰ ਤੇ ਕਾਇਮ ਹੁੰਦਾ ਹੈ, ਇਸ ਲਈ ਘਰੇਲੂ ਸੇਵਾਵਾਂ ਨੂੰ ਪਬਲਿਕ ਸੇਵਾਵਾਂ ਦੇ ਤੌਰ ਤੇ ਪੈਦਾ ਕਰਵਾਉਣ ਵਾਲੇ, (ਅਜਾਰਦਾਰ) ਇਸ ਵਿਚੋਂ ਵੀ ਨਿਜੀ ਲਾਭ ਲੈਣ ਦੀ ਕੋਸ਼ਿਸ਼ ਕਰਦੇ ਹਨ ਤੇ ਕਰਨਗੇ। ਇਵੇਂ ਨਵੇਂ ਰੁਜ਼ਗਾਰ ਦੇ ਕਿੱਤਿਆਂ ਦਾ ਸ਼ੁਰੂ ਹੋਣਾ ਪੂੰਜੀਵਾਦੀ ਢਾਂਚੇ ਵਿਚ ਅਜਾਰੇਦਾਰਾਂ ਦੇ ਕਾਬੂ ਤੋਂ ਬਾਹਰ ਨਹੀਂ ਹੋਵੇਗਾ। ਜਦ ਤਕ ਸਮਾਜਿਕ ਢਾਂਚੇ ਦੀ ਅਜਿਹੀ ਅਜਾਰੇਦਾਰਾਂ ਦੇ ਕਾਬੂ ਵਾਲੀ ਬਣਤਰ ਕਾਇਮ ਰਹੇਗੀ, ਤਦ ਤਕ ਔਰਤਾਂ ਨੂੰ ਅਜਾਰੇਦਾਰ ਪੂੰਜੀਵਾਦੀ (monopoly capitalism) ਦੀ ਕਿਰਤ ਮੰਡੀ ਵਿਚ ਆਪਣੀ ਕਿਰਤ ਨੂੰ ਵੇਚਣ ਦੇ ਮੌਕੇ ਨਹੀਂ ਮਿਲਣਗੇ। ਅਗਰ ਕੁਝ ਸੀਮਤ ਹਾਲਤਾਂ ਵਿਚ ਅਜਿਹੇ ਮੌਕੇ ਮਿਲਣ ਵੀ ਤਾਂ ਵੀ ਔਰਤਾਂ ਦੀ ਕਿਰਤ ਦਾ ਸਵੈ-ਸੁਆਰਥ ਤੇ ਕਾਇਮ (ਅਜਾਰੇਦਾਰ ਪੂੰਜੀਵਾਦੀ) ਕਿਰਤ ਮੰਡੀ ਵਿਚ, ਮਰਦਾਂ ਦੀ ਕਿਰਤ ਦੇ ਬਰਾਬਰ ਮੁਲ ਹਾਸਲ ਨਹੀਂ ਕੀਤਾ ਜਾ ਸਕਦਾ।

ਅਗਰ ਘਰੇਲੂ ਕੰਮਾਂ ਨੂੰ ਸਨਅਤ ਦੇ ਆਧਾਰ ਤੇ ਕਰਨਾ ਸ਼ੁਰੂ ਕੀਤਾ ਜਾਵੇ ਅਤੇ ਔਰਤਾਂ ਨੂੰ ਸਮਾਜਿਕ ਪਦਾਰਥਿਕ ਪੈਦਾਵਾਰ ਵਿਚ ਕਿਰਤ ਦੀ ਖੁਲ੍ਹ ਅਤੇ ਮੌਕੇ ਦੇ ਦਿਤੇ ਜਾਣ ਤਾਂ ਅੱਜ ਦੇ ਨਵ-ਛੋਟੇ ਪ੍ਰਵਾਰ (muclear families) ਟੁੱਟ ਜਾਣਗੇ। ਅੱਜ ਔਰਤਾਂ ਦੀ ਸਮਾਜਿਕ ਕਿਰਤ ਮੰਡੀ (social labour-maıket) ਤੋਂ ਪਰੇ ਦੂਰ ਘਰ ਵਿਚ ਹੀ ਰਹਿਣ ਤੇ ਕੰਮ ਕਰਨ ਦੀ ਭਾਵਨਾ ਅਤੇ ਨਵ-ਛੋਟੇ ਪ੍ਰਵਾਰਾਂ ਦਾ ਇਕ ਸਥਿਰ ਉਪਭੋਗ ਇਕਾਈ (stable consuming-unit) ਹੋਣਾ ਅੱਜ ਦੇ ਪੂੰਜੀਵਾਦੀ ਸਮਾਜ ਤੇ ਆਰਥਿਕ ਸਥਿਰਤਾ ਦਾ ਇਕ ਕਾਰਨ ਹੈ। ਅਜਾਰਦਾਰ ਪੂੰਜੀਵਾਦੀ ਸਮਾਜ ਵਿਚ ਔਰਤ ਦੀ ਸਮਾਜਿਕ ਆਜ਼ਾਦੀ ਦਾ ਆਧਾਰ ਬਹੁਤ ਹੀ ਕਮਜ਼ੋਰ ਹੈ। ਇਹ ਇਸ ਲਈ ਕਿ ਅਗਰ ਅਜਿਹੇ ਸਮਾਜ ਵਿਚ ਔਰਤ ਦੀ ਸਮਾਜਿਕ ਆਜ਼ਾਦੀ ਲਈ ਜ਼ਰੂਰੀ ਸ਼ਰਤਾਂ ਨੂੰ ਪੂਰਾ ਕੀਤਾ ਵੀ ਜਾਵੇ, ਤਾਂ ਵੀ ਮਨੁੱਖਾਂ ਦੇ ਆਪਸੀ ਸਬੰਧ ਪੈਸੇ ਦੇ ਬੰਧਨ (cash-nexus) ਦੇ ਭਿਆਨਕ ਚੱਕਰ ਵਿਚ ਜਕੜੇ ਰਹਿਣਗੇ।

ਅਜਾਰਾਦਾਰੀ ਪੂੰਜੀਵਾਦੀ ਯੂਰਪੀਅਨ ਸਮਾਜਾਂ ਵਿਚ ਲੋਕਾਂ ਦਾ ਪਰਮਾਣੂਕਰਨ (atomization) ਤੇ ਵਿਤਰੇਕਤਾ (isolation) ਹੋ ਰਹੀ ਹੈ ਅਤੇ ਇਸ ਦੇ ਅਤੀਅੰਤ ਭਿਆਨਕ ਸਿੱਟੇ ਨਿਕਲ ਰਹੇ ਹਨ। ਪਰ ਅਗਰ ਅਜ ਦੇ ਪੂੰਜੀਵਾਦੀ ਸਮਾਜਾਂ ਦੇ ਸਮੁੱਚੇ ਢਾਂਚੇ ਨੂੰ ਬਦਲ ਕੇ ਅਤੇ ਇਸ ਦੇ ਨਾਲ ਹੀ ਇਸ ਦੇ ਨਵ-ਛੋਟੇ ਪਰਿਵਾਰਾਂ ਨੂੰ ਖਤਮ ਕਰ ਦਿਤਾ ਜਾਵੇ ਤਾਂ ਨਵੇਂ (ਸਮਾਜਵਾਦੀ) ਸਮਾਜ ਵਿਚ ਅਜਿਹੇ ਭਿਆਨਕ ਸਿੱਟਿਆਂ ਦੀ ਕੋਈ ਥਾਂ ਨਹੀਂ ਰਹਿ ਜਾਏਗੀ। ਪੂੰਜੀਵਾਦੀ ਢਾਂਚੇ ਵਿਚ ਬੇਸ਼ਕ ਔਰਤ ਨੂੰ ਘਰ ਦੇ ਕੰਮਾਂ ਤੋਂ ਆਜ਼ਾਦੀ ਦਿਵਾਉਣੀ ਸੰਭਵ ਹੈ, ਪਰ ਇਸ ਨਾਲ ਉਹ ਸਮੁੱਚੇ ਤੌਰ ਤੇ ਆਜ਼ਾਦ ਨਹੀਂ ਹੋ ਸਕਦੀ। ਮਿਸਾਲ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਪੂੰਜੀਵਾਦੀ ਸਮਾਜ ਵਿਚ ਕਿਰਤੀ ਮਜ਼ਦੂਰ (ਮਰਦ) ਘਰ ਦੇ ਕੰਮਾਂ ਤੋਂ ਪਹਿਲਾਂ ਹੀ ਆਜ਼ਾਦ ਹੈ, ਪਰ ਫਿਰ ਵੀ ਉਹ ਅਨੇਕਾਂ ਆਰਥਿਕ ਥੋੜਾਂ ਤੇ ਘਾਟਾਂ ਦੀਆਂ ਜੰਜੀਰਾਂ ਵਿਚ ਫਸਿਆ ਹੋਇਆ ਹੈ, ਉਸ ਦਾ ਸਮਾਜਿਕ ਤੇ ਸਭਿਆਚਾਰਕ ਜੀਵਨ ਵੀ ਮੁਕਾਬਲਤਨ ਘਟ ਵਿਕਸਤ ਹੈ। ਇਵੇਂ ਅਗਰ ਪੂੰਜੀਵਾਦੀ ਸਮਾਜ ਦੀਆਂ ਹੇਠਲੀਆਂ ਜਮਾਤਾਂ ਨਾਲ ਸਬੰਧਤ ਔਰਤਾਂ (ਜਿਨ੍ਹਾਂ ਦੀ ਬਹੁ-ਗਿਣਤੀ ਹੈ) ਨੂੰ ਘਰ ਦੇ ਕੰਮ ਤੋਂ ਖੁਲ੍ਹ ਦੇ ਵੀ ਦਿਤੀ ਜਾਵੇ ਤਾਂ ਵੀ ਉਹਨਾਂ ਨੂੰ ਉਹਨਾਂ ਦੇ ਮਰਦ-ਸਾਥੀਆਂ ਨੂੰ ਮਿਲੀ ਅਖੌਤੀ ਆਜ਼ਾਦੀ ਤੋਂ ਵਧ, ਘਰ ਦੇ ਘੇਰੇ ਤੋਂ ਬਾਹਰ, ਕੋਈ ਆਜ਼ਾਦੀ ਨਹੀਂ ਮਿਲਣ ਲੱਗੀ। ਪਰ ਇਸ ਦਾ ਇਹ ਮਤਲਬ ਨਹੀਂ ਕਿ ਔਰਤਾਂ ਨੂੰ ਪੂੰਜੀਵਾਦੀ ਸਮਾਜ ਵਿਚ ਆਪਣੇ ਵਰਗ ਪ੍ਰਤੀ ਹੁੰਦੇ ਵਿਤਕਰੇ ਵਿਰੁਧ ਆਵਾਜ਼ ਨਹੀਂ ਉਠਾਉਣੀ ਚਾਹੀਦੀ! ਅਜਿਹਾ ਕਰਨਾ ਔਰਤਾਂ ਲਈ ਜ਼ਰੂਰੀ ਹੈ ਕਿਉਂਕਿ ਅਜੋਕੇ ਸਮਾਜ ਵਿਚ ਆਰਥਿਕ ਪੱਖ ਔਰਤ ਦੀ ਸਮਾਜਿਕ ਸਖਸ਼ੀਅਤ ਦਾ ਇਕ ਬਹੁਤ ਹੀ ਅਹਿਮ ਪੱਖ ਹੈ।

ਔਰਤਾਂ ਨਾਲ, ਸਾਡੇ ਅਜ ਦੇ ਸਮਾਜ ਵਿਚ, ਵਿਤਕਰਾ ਹੀ ਨਹੀਂ ਕੀਤਾ ਜਾਂਦਾ ਸਗੋਂ ਉਹਨਾਂ ਨੂੰ ਲੁੱਟਿਆ ਵੀ ਜਾਂਦਾ ਹੈ। ਅਜ ਦੇ ਸਮਾਜਿਕ ਢਾਂਚੇ ਵਿਚ ਔਰਤਾਂ ਦੀ ਪ੍ਰਤੱਖ ਰੂਪ ਵਿਚ ਬਿਨਾਂ ਕਿਸੇ ਪ੍ਰਤੱਖ ਮੁਆਵਜ਼ੇ ਤੋਂ ਘਰ ਵਿਚ ਕੀਤੀ ਕਿਰਤ (unpaid labour) ਹੀ ਅਜ ਦੇ ਪਰਿਵਾਰਾਂ ਦਾ ਇਕ ਆਰਥਿਕ ਤੇ ਸਮਾਜਿਕ ਆਧਾਰ ਹੈ। ਔਰਤਾਂ ਦਾ ਆਪਣੇ ਹਾਲਾਤਾਂ ਬਾਰੇ ਸੁਚੇਤ ਹੋਣਾ ਤੇ ਆਪਣੇ ਆਰਥਿਕ, ਸਮਾਜਿਕ, ਸਭਿਆਚਾਰਕ ਤੇ ਰਾਜਨੀਤਿਕ ਹੱਕਾਂ ਲਈ ਲੜਨਾ, ਉਹਨਾਂ ਦੀ ਅੱਜ ਦੇ ਅਜਾਰਾਦਾਰੀ ਪੂੰਜੀਵਾਦੀ ਢਾਂਚੇ ਵਿਚ ਹੋ ਰਹੀ ਲੁੱਟ-ਖਸੁੱਟ ਨੂੰ ਘਟ ਕਰ ਸਕਦਾ ਹੈ। ਇਸ ਦੇ ਨਾਲ ਹੀ ਆਪਣੀ ਸੰਗਠਤ ਤਾਕਤ ਬਾਰੇ ਆਈ ਚੇਤਨਤਾ ਅਤੇ ਆਪਣੇ ਵਰਤਮਾਨ ਹਾਲਾਤਾਂ ਦੇ ਸਹੀ ਵਿਸ਼ਲੇਸ਼ਨ (correct-analysis) ਕਰਨ ਤੋਂ ਬਾਦ ਹੀ ਹੇਠਲੇ ਤੇ ਮੱਧ ਸ਼੍ਰੇਣੀ ਵਰਗ ਦੀਆਂ ਔਰਤਾਂ, ਸਾਡੇ ਅਜ ਦੇ ਸਮਾਜ ਵਿਚ

ਚਲ ਰਹੇ ਸੰਘਰਸ਼ਾਂ, ਜਮਾਤੀ ਸੰਘਰਸ਼ਾਂ (ਜਿਨ੍ਹਾਂ ਦਾ ਉਦੇਸ਼ ਅੱਜ ਦੇ ਲੁੱਟ-ਖਸੁੱਟ ਉਪਰ ਆਧਾਰਤ ਢਾਂਚੇ ਨੂੰ ਖਤਮ ਕਰਨਾ ਹੈ) ਵਿਚ ਕੋਈ ਅਹਿਮ ਹਿੱਸਾ ਪਾ ਸਕਦੀਆਂ ਹਨ। ਜਮਾਤੀ ਸੰਘਰਸ਼ਾਂ ਤੇ ਆਧਾਰਤ, ਅੱਜ ਦੇ ਪੂੰਜੀਵਾਦੀ ਸਮਾਜ ਵਿਚ ਆਈ ਇਨਕਲਾਬੀ ਤਬਦੀਲੀ ਹੀ ਇਕ 'ਨਵੇਂ' (ਸਮਾਜਵਾਦੀ) ਢਾਂਚੇ ਨੂੰ ਉਸਾਰ ਸਕਦੀ ਹੈ। ਨਿਸ਼ਚੇ ਹੀ ਅਜਿਹੇ ਨਵੇਂ ਸਮਾਜਵਾਦੀ ਢਾਂਚੇ ਵਿਚ ਔਰਤਾਂ ਨਾਲ ਸਦੀਆਂ ਤੋਂ ਹੋ ਰਿਹਾ ਵਿਤਕਰੇ ਭਰਿਆ ਸਲੂਕ ਅਤੇ ਲੁੱਟ-ਖਸੁੱਟ, ਹਮੇਸ਼ਾਂ ਲਈ ਖਤਮ ਹੋਣ ਦੀਆਂ ਮਜ਼ਬੂਤ ਸੰਭਾਵਨਾਵਾਂ ਹੋਣਗੀਆਂ।

ਨਿਰਮਲ ਆਜ਼ਾਦ—ਅਰਥ ਸ਼ਾਸਤਰ ਵਿਭਾਗ
ਪੰਜਾਬੀ ਯੂਨੀਵਰਸਟੀ ਪਟਿਆਲਾ

# ਪਾਠਕ ਲੇਖਕ ਫੋਰਮ

**ਰੂਸ ਦੇ ਸਮਾਜਿਕ ਸਾਮਰਾਜ ਹੋਣ ਬਾਰੇ ਇਤਿਹਾਸਕ ਤੱਥ** / ਵੇਦ ਪ੍ਰਕਾਸ਼ ਗੁਪਤਾ (ਬਠਿੰਡਾ)

ਦਸੰਬਰ ਦੇ 'ਸਰਦਲ' ਦੇ ਪਰਚੇ ਵਿਚ ਮੈਂ ਸਰਦਲ ਪਾਠਕਾਂ ਨੂੰ ਰੂਸ ਦੇ ਸਮਾਜਿਕ ਸਾਮਰਾਜੀ ਪੱਖ ਬਾਰੇ ਦੱਸਣ ਲਈ ਰੂਸ ਦੇ ਸਿਰਫ਼ ਕੌਮਾਂਤਰੀ ਆਰਥਿਕ ਤੱਥ; ਵਪਾਰ ਤੇ ਮਦਦ ਬਾਰੇ ਲਿਖਿਆ ਸੀ। ਪ੍ਰੋਫੈਸਰ ਸੁੱਚਾ ਸਿੰਘ ਗਿੱਲ ਨੇ ਮੇਰੇ ਵਲੋਂ ਰੂਸ ਦੇ ਸਿਰਫ ਵਪਾਰਕ ਸਬੰਧਾਂ ਨੂੰ ਹੀ ਲੈ ਕੇ ਰੂਸ ਦੇ ਸਾਮਰਾਜੀ ਖਾਸੇ ਨੂੰ ਸਿੱਧ ਕਰਨ ਤੇ ਇਤਰਾਜ਼ ਕੀਤਾ ਹੈ। ਪਰ ਉਹ ਇਸ ਸਚਾਈ ਨੂੰ ਨਹੀਂ ਝੁਠਲਾ ਸਕੇ।

ਹੁਣ ਮੈਂ ਮੌਜੂਦਾ ਸੋਧਵਾਦੀ ਰੂਸ ਦੇ ਸਿਰਫ ਇਤਿਹਾਸਕ ਪੱਖ ਨੂੰ ਪੇਸ਼ ਕਰ ਰਿਹਾ ਹਾਂ। ਤਾਂ ਕਿ ਪਾਠਕ ਅਜ਼ਾਦ ਤੌਰ ਤੇ ਰੂਸ ਦੇ ਸਮਾਜਿਕ ਸਾਮਰਾਜੀ ਹੋਣ ਦੇ ਖਾਸੇ ਬਾਰੇ ਆਪਣੀ ਰਾਇ ਆਪ ਬਣਾ ਸੱਕਣ।

30 ਸਾਲ ਤਕ ਅੰਤਰ-ਰਾਸ਼ਟਰੀ ਕਮਿਊਨਿਸਟ ਲਹਿਰ ਦੇ ਮਹਾਨ ਆਗੂ ਕਾ. ਜੇ.ਵੀ. ਸਟਾਲਿਨ ਦੀ ਮੌਤ ਪਿਛੋਂ ਰੂਸ ਦੀ ਮੌਜੂਦਾ ਸੋਧਵਾਦੀ ਲੀਡਰਸ਼ਿਪ ਲਗਾਤਾਰ ਆਪਣੀਆਂ ਕੋਸ਼ਿਸ਼ਾਂ ਕਰਦੀ ਰਹੀ ਹੈ ਤਾਂ ਕਿ ਮਾਰਕਸਵਾਦ-ਲੈਨਿਨਵਾਦ ਦੀ ਰੂਹ ਨੂੰ ਪੂਰੇ ਤੌਰ ਕੇ ਬਦਲ ਕੇ ਪਿਛਲੇ ਇਤਿਹਾਸਕ ਪਿਛੋਕੜ ਨੂੰ ਆਪਣੇ ਮੌਜੂਦਾ ਸਾਮਰਾਜੀ ਢੰਗ ਤਰੀਕਿਆਂ ਅਨੁਸਾਰ ਬਦਲ ਸਕੇ। ਇਥੇ ਮੈਂ ਰੂਸ ਵਿਚ ਇਤਿਹਾਸ ਦੀਆਂ ਹੁਣੇ ਛਪੀਆਂ ਕੁਝ ਕਿਤਾਬਾਂ ਵਿਚੋਂ ਹਵਾਲਾ ਦਿਆਂਗਾ ਜਿਹਨਾਂ ਵਿਚ ਉਹਨਾਂ ਨੇ ਰੂਸੀ ਜ਼ਾਰ ਦੀ ਸਾਮਰਾਜੀ ਨੀਤੀ ਬਾਰੇ ਘਚੋਲਾ ਪਾਉਣ ਦੀ ਕੋਸ਼ਿਸ਼ ਕਰਦਿਆਂ ਉਸ ਦੀ ਤਾਰੀਫ ਕੀਤੀ ਹੈ।

ਕਾਰਲ ਮਾਰਕਸ ਜ਼ਾਰ ਦੀ ਸਿਆਸਤ ਬਾਰੇ ਲਿਖਦੇ ਹਨ :—

> "ਇਸ ਦੇ ਢੰਗ, ਦਾਅ ਪੇਚ ਅਤੇ ਇਸ ਦੀਆਂ ਚਾਲਾਂ ਭਾਵੇਂ ਬਦਲ ਜਾਣ ਪਰ ਸੰਸਾਰ ਉਤੇ ਕਬਜ਼ੇ ਦੀ ਨੀਤੀ ਦਾ ਧਰੂ ਤਾਰਾ ਤਾਂ ਅਟੱਲ ਹੈ।"

("Its methods, its tactics, its manoeures may change, but the polar star of its policy, worln-domination, is a fixed star.")

ਫਰੈਡਰਿਕ ਐਂਗਲਜ਼ ਇਸੇ ਵਿਸ਼ੇ ਬਾਰੇ ਇਉਂ ਲਿਖਦੇ ਹਨ :—

> "ਰੂਸੀ ਜ਼ਾਰ ਸੰਸਾਰ ਤਾਕਤਾਂ ਨਾਲ ਮੁਕਾਬਲੇ ਵਿਚ ਆਪਣੇ ਨਿਸ਼ਾਨੇ ਲਗਾਤਾਰ ਬਦਲਦਾ ਰਿਹਾ ਹੈ ਤਾਂ ਕਿ ਉਹ ਆਪਣਾ ਇਕੋ ਇਕ; ਨਾ ਬਦਲਣ ਵਾਲਾ; ਨਾ ਹੀ ਅੱਖੋਂ ਪਰੋਖੇ ਕਰਨ ਵਾਲਾ; ਸੰਸਾਰ ਤੇ ਕਬਜ਼ੇ ਦਾ ਆਪਣਾ ਉਦੇਸ਼ ਹਾਸਲ ਕਰ ਸਕੇ।"

("Tsarist Russia uses the continually changing goal of competing great powers for the attainment of its own single, never-changing, never-lost-sight-of objectlve the domination of the wold by Russia.")

ਵੀ. ਆਈ. ਲੈਨਿਨ ਆਪਣੇ "Imperialism, The Highest Stage of Capitalism" (ਸਫਾ 258) ਵਿਚ ਲਿਖਦੇ ਹਨ ਕਿ—ਰੂਸ ਕੇਵਲ ਬਰਤਾਨੀਆਂ ਤੋਂ ਇਸ ਦੀਆਂ ਬਸਤੀਆਂ ਦੇ ਅਕਾਰ ਵਿਚ ਦੂਜੇ ਨੰਬਰ ਤੇ ਹੈ। ਜਦੋਂ

ਕਿ ਇਹਨਾਂ ਦਾ ਕੁਲ ਖੇਤਰਫਲ ਫਰਾਂਸ, ਜਰਮਨੀ, ਅਮਰੀਕਾ ਤੇ ਜਪਾਨ ਦੀਆਂ ਸਾਰੀਆਂ ਬਸਤੀਆਂ ਦੇ ਜੋੜ ਤੋਂ ਜ਼ਿਆਦਾ ਹੈ। ਪਰੰਤੂ ਰੂਸ ਦੀ ਮੌਜੂਦਾ ਸੋਧਵਾਦੀ ਲੀਡਰਸ਼ਿਪ ਆਪਣੇ ਰਸਾਲੇ "ਵਰਤਮਾਨ ਅਤੇ ਸਮਕਾਲੀ ਇਤਿਹਾਸ" ਵਿਚ ਜ਼ਾਰ ਬਾਰੇ ਇਉਂ ਲਿਖਦੇ ਹਨ :—

> "ਇਸ ਗੱਲ ਦੇ ਸਬੂਤ ਦੀ ਪੁਸ਼ਟੀ ਲਈ ਕੋਈ ਤੱਥ ਨਹੀਂ ਕਿ ਰੂਸੀ ਜ਼ਾਰ ਦਾ ਨਿਸ਼ਾਨਾ ਸੰਸਾਰ ਚੌਧਰ ਪ੍ਰਾਪਤ ਕਰਨਾ ਸੀ।"

(' There is no evidence in support of the assertion that Tsarist Russias, goal was to achieve world hegemony.")

ਇਸੇ ਹੀ ਰਸਾਲੇ ਵਿਚ ਦੁਬਾਰਾ ਲਿਖਦੇ ਹਨ :—

> "ਕਿ 1917 ਤੋਂ ਪਹਿਲਾਂ ਸੰਸਾਰ ਦੇ ਸਾਰੇ ਇਤਿਹਾਸ ਵਿਚ ਰੂਸ ਨੂੰ ਗਲ਼ਤੀ ਨਾਲ ਇਕ ਮੁੱਖ ਅਤੇ ਤਕਰੀਬਨ ਇਕਲੀ ਹੀ ਹਮਲਾਆਵਰ ਸ਼ਕਤੀ ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ।"

("In the entire world history before 1917, Russia had been erronously described as a major and almost the only force of aggressian.")

ਮੌਜੂਦਾ ਸੋਧਵਾਦੀ ਲੀਡਰਾਂ ਦਾ ਇਹ ਸਭ ਕੁਝ ਕਰਨ ਦਾ ਮੰਤਵ ਇਹ ਹੈ ਕਿ ਜ਼ਾਰ ਨੂੰ ਇਕ ਸਾਮਰਾਜੀ ਸਿੱਧ ਕਰਨ ਲਈ ਮਾਰਕਸਵਾਦ ਦੇ ਬਾਨੀਆਂ ਦੀਆਂ ਲਿਖਤਾਂ ਤੋਂ ਇਲਾਵਾ ਹੋਰ ਭੀ ਸਬੂਤਾਂ ਦੀ ਲੋੜ ਹੈ। ਇਹ ਕਿੰਨੀ ਘਿਨਾਉਣੀ ਅਤੇ ਸ਼ਰਾਰਤ ਭਰੀ ਹਰਕਤ ਹੈ। ਰੂਸੀ ਲੀਡਰਾਂ ਦੀ ਮਾਰਕਸਵਾਦ ਲੈਨਿਨਵਾਦ ਨਾਲ ਗ਼ਦਾਰੀ ਸਿਰਫ਼ ਇਥੇ ਹੀ ਖਤਮ ਨਹੀਂ ਹੁੰਦੀ। ਵੀ. ਆਈ. ਲੈਨਿਨ ਦੁਬਾਰਾ ਆਪਣੀ ਕਿਤਾਬ ਵਿਚ ਇਸ਼ਾਰਾ ਕਰਦੇ ਹਨ ਕਿ ਰੂਸ ਤੇ ਬਰਤਾਨੀਆਂ ਦੀ ਮੱਧ ਏਸ਼ੀਆ ਵਿਚ ਦੁਸ਼ਮਣੀ ਦਾ ਕਾਰਣ ਸਾਮਰਾਜੀ ਤਾਕਤਾਂ "ਵਿਚਾਲੇ ਲੁੱਟ ਦੀ ਵੰਡ ਸੀ" (ਸਫ਼ਾ 259) ਪਰ ਰੂਸੀ ਸਮਾਜਿਕ ਸਾਮਰਾਜੀ "ਸੋਵੀਅਤ ਰੂਸ ਦੇ ਇਤਿਹਾਸ ਜਿਹੜਾ ਕਿ 1960 ਵਿਚ ਛਪਿਆ, ਵਿਚ ਲਿਖਦੇ ਹਨ ਕਿ ਜ਼ਾਰ ਦਾ ਮੱਧ ਏਸ਼ੀਆ ਤੇ ਹਮਲਾ ਬਰਤਾਨਵੀ ਬਸਤੀਵਾਦ ਦੇ ਫੈਲਾਅ ਨੂੰ ਮੱਧ ਅਤੇ ਪੂਰਬ ਦੇ ਨੇੜੇ ਤੋਂ ਰੋਕਣਾ ਸੀ।

ਮੌਜੂਦਾ ਰੂਸੀ ਸਮਾਜਿਕ ਸਾਮਰਾਜੀਆਂ ਦੀ ਇਤਿਹਾਸ ਦੀ ਇਹ ਤਰੋੜ ਮਰੋੜ ਉਹਨਾਂ ਦੀ ਇਸ ਵਰਤਮਾਨ ਨੀਤੀ ਦੀ ਮੂੰਹ ਬੋਲਦੀ ਤਸਵੀਰ ਨਹੀਂ ਕਿ ਉਹਨਾਂ ਦਾ ਚੈਕੋਸਲੋਵਾਕੀਆ ਤੇ ਹਥਿਆਰਬੰਦ ਹਮਲਾ ਅਮਰੀਕਨ ਫੈਲਾਅ ਨੂੰ ਰੋਕਣਾ ਸੀ ?

ਰੂਸੀ ਜ਼ਾਰਸ਼ਾਹੀ ਨੇ ਚੀਨ ਦੀ ਧਰਤੀ ਦਾ ਕਾਫ਼ੀ ਹਿੱਸਾ ਬਾਹਰੀ ਖਿਨਗਣ ਪਹਾੜਾਂ ਦੇ ਦੱਖਣੀ ਪਾਸੇ ਵੱਲ ਹੜੱਪ ਕਰ ਲਿਆ ਸੀ ਕਾਰਲ ਮਾਰਕਸ ਇਸ ਬਾਰੇ ਲਿਖਦੇ ਹਨ :—

> "ਜ਼ਾਰ ਅਲੈਕਸੀ ਮਾਈਕਲੋ ਵਿਚ ਤੋਂ ਲੈਕੇ ਨਿਕੋਲਾਸ ਤਕ ਉਸ (ਰੂਸ) ਦੀ ਸਦਾ ਇਸ ਨੂੰ (ਚੀਨ) ਹੜੱਪਣ ਦੀ ਨੀਤੀ ਰਹੀ ਹੈ।"

("From Tsar Alxey Michaelovitch down to Nicholas she (Russia) has alwnys attempted to get it.")

ਇਸ ਬਾਰੇ ਵੀ. ਆਈ. ਲੈਨਿਨ ਲਿਖਦੇ ਹਨ :—

> ਚੀਨ ਬਾਰੇ ਜ਼ਾਰਸ਼ਾਹੀ ਸਰਕਾਰ ਦੀ ਨੀਤੀ ਸਦਾ ਜ਼ਾਲਮਾਨਾ ਰਹੀ ਹੈ......ਪੱਛਮੀ ਸਰਕਾਰਾਂ (ਰੂਸੀ ਸਰਕਾਰ ਸਭ ਤੋਂ ਪਹਿਲਿਆਂ ਵਿਚ) ਨੇ ਪਹਿਲਾਂ ਤੋਂ ਹੀ ਚੀਨ ਦੀ ਵੰਡ ਸ਼ੁਰੂ ਕਰ ਦਿੱਤੀ ਸੀ।

("The policy of Tsarist government is China is a criminal policy......the European governments (the Russian government among the very first) have already started partition China."

ਪਰ ਅੱਜ ਦੇ ਰੂਸੀ ਸਮਾਜਿਕ ਸਾਮਰਾਜੀਏ ਕਾਮਰੇਡ ਲੈਨਿਨ ਦੀ ਇਸ ਸਚਾਈ ਨੂੰ ਕਿਤਨੀ ਬੇਸ਼ਰਮੀ ਨਾਲ

ਵਿੰਗੇ ਟੇਢੇ ਢੰਗ ਨਾਲ ਪੇਸ਼ ਕਰਦੇ ਹਨ । 1972 ਵਿਚ ਰੂਸ ਵਿਚ ਛਪੀ ਕਿਤਾਬ "ਚੀਨ ਦਾ ਇਤਿਹਾਸ" ਵਿਚ ਇਸ ਗੱਲ ਨੂੰ ਇਉਂ ਪੇਸ਼ ਕੀਤਾ ਗਿਆ ਹੈ :—

> "ਪੱਛਮੀ ਤਾਕਤਾਂ ਤੋਂ ਉਲਟ ਰੂਸੀ ਸਰਕਾਰ ਨੇ ਚੀਨ ਵੱਲ ਵੱਖਰੇ ਕਿਸਮ ਦੀ ਨੀਤੀ ਤੇ ਜ਼ੋਰ ਦਿੱਤਾ ਤਾਂ ਕਿ ਇਸ ਨਾਲ ਚੰਗੇ ਗੁਆਂਢੀ ਸਬੰਧ ਕਾਇਮ ਹੋ ਜਾਣ......। ਜ਼ਾਰ ਸਰਕਾਰ ਨੇ ਆਪਣੀ ਪਹਿਲ ਕਦਮੀ ਨਾਲ ਚੀਨ ਤੇ ਨਾ-ਬਰਾਬਰ ਸੰਧੀਆਂ ਨਹੀਂ ਠੋਸੀਆਂ ਅਤੇ ਨਾ ਹੀ ਇਸ ਨੇ ਆਪਣੀਆਂ 1860 ਤੋਂ ਬਾਦ ਦੀਆਂ ਸੰਧੀਆਂ ਨੂੰ ਮਾਨਤਾ ਦਿੱਤੀ।"

ਮੈਂ ਹੁਣ ਪਾਠਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਲੇਖ ਨੂੰ ਗਹੁ ਨਾਲ ਪੜ੍ਹਕੇ ਆਪਣੇ ਤੌਰ ਤੇ ਆਪਣੀ ਸੁਤੰਤਰ ਰਾਇ ਬਣਾਉਣ ਕਿ ਮੌਜੂਦਾ ਰੂਸ ਸਰਕਾਰ ਸਮਾਜਿਕ ਸਾਮਰਾਜੀ ਹੈ ਜਾਂ ਸਮਾਜਵਾਦੀ ?

ਨੋਟ :—ਰੂਸ ਦੇ ਮੌਜੂਦਾ ਭਰਿਸ਼ਟ ਸਭਿਆਚਾਰ; ਸੱਨਅਤੀ ਮਜ਼ਦੂਰਾਂ; ਅਤੇ ਹੋਰ ਤੱਥ ਜੋ ਰੂਸ ਨੂੰ ਸਮਾਜਿਕ ਸਾਮਰਾਜੀ ਪੇਸ਼ ਕਰਦੇ ਹਨ ਬਾਰੇ ਇਕ ਲੇਖ ਫਿਰ ਲਿਖਿਆ ਜਾਵੇਗਾ ।

## ਇਕ ਖ਼ਤ ਸਾਥੀ ਗਿਲ ਦੇ ਨਾਂ / ਬਲਦੇਵ ਚਾਹਲ

ਸਰਦਲ ਦੇ ਮਈ ਅੰਕ ਵਿਚ ਤੁਹਾਡੇ ਵਿਚਾਰ "ਸਾਊ ਸੁਥਰਾ ਤੇ ਕੁਪੱਤੀ ਜੰਦ" ਪੜ੍ਹਨ ਉਪਰੰਤ ਕੁੱਛ ਇਸ ਤਰ੍ਹਾਂ ਦਾ ਪ੍ਰਭਾਵ ਮਿਲਦਾ ਹੈ ਜਿਵੇਂ "ਸਾਊ ਸੁਥਰਾ" ਸੀ.ਪੀ.ਐਮ. ਦੀ ਅਗਵਾਈ ਕਰ ਰਹੇ ਤੁਸੀਂ ਆਪ ਅਤੇ "ਕੁਪੱਤੀ ਜੰਦ" ਭਾਰਤ ਦਾ ਸਾਰਾ ਖਿੰਡਿਆ ਪੁੰਡਿਆ ਮਾਰਕਸਵਾਦੀ ਕਾਡਰ ਹੈ । ਤੁਸੀਂ ਜੋ ਅਖਾਣ ਸਾਥੀ ਪਾਲ ਉਤੇ ਲਾਗੂ ਕਰਨ ਦੀ ਕੋਸ਼ਸ਼ ਕੀਤੀ ਹੈ, ਉਸ ਵਿਚ ਆਪ ਹੀ ਉਲਝ ਗਏ ਜਾਪਦੇ ਹੋ ।

ਇਨ੍ਹਾਂ ਸਤਰਾਂ ਵਿਚ ਜਿਥੇ ਤੁਸੀਂ ਹੋਰਨਾ ਸਮਕਾਲੀ ਪਾਰਟੀਆਂ ਦੀਆਂ ਨੀਤੀਆਂ ਨਾਲ ਆਪਣੇ ਮੱਤਭੇਦ ਪ੍ਰਗਟ ਕੀਤੇ ਹਨ, ਉਥੇ ਤੁਸੀਂ ਆਪਣੀ ਪਾਰਟੀ ਅੰਦਰਲੇ ਰੋਲ-ਘਚੋਲੇ ਦਾ ਵੀ ਪ੍ਰਗਟਾਵਾ ਕਰ ਗਏ ਹੋ । ਜੇ ਪ੍ਰਕਾਸ਼ ਦੀ ਲਹਿਰ ਦੇ ਮਸਲੇ ਵਿਚ ਉਲਝਕੇ ਤੁਹਾਡੀ ਪਾਰਟੀ ਦੇ ਨਿਰਨੇ ਉਲਟ ਪੁਲਟ ਹੁੰਦੇ ਜਾਪਦੇ ਹਨ । ਜੇ.ਪੀ. ਲਹਿਰ ਬਾਰੇ ਤੁਸੀਂ ਬੜਾ ਸਪੱਸ਼ਟ ਲਿਖਦੇ ਹੋ, — "ਇਸ ਅੰਦੋਲਨ ਵਿਚ ਮਜ਼ਦੂਰ ਜਮਾਤ ਤੇ ਹੋਰ ਹੇਠਲੇ ਤਬਕਿਆਂ ਦੀਆਂ ਮੰਗਾਂ ਦਾ ਕਿਤੇ ਜ਼ਿਕਰ ਨਹੀਂ । ਨਾ ਹੀ ਇਹ ਅੰਦੋਲਨ ਐਸਾ ਹੈ ਜਿਹੜਾ ਜਮਾਤੀ ਘੋਲ ਦੀ ਨੀਤੀ ਤੇ ਅਧਾਰਤ ਹੈ । ਸ੍ਰੀ ਜੈ ਪ੍ਰਕਾਸ਼ ਨਰਾਇਣ ਘੋਲ ਦੇ ਭਵਿਸ਼ ਬਾਰੇ ਸਪੱਸ਼ਟ ਨਹੀਂ ਹੈ।.........ਕੀ ਭਾਰਤੀ ਇਨਕਲਾਬ ਦਾ ਫੈਸਲਾ ਏਥੋਂ ਹੀ ਹੋ ਜਾਵੇਗਾ ?" ਪਰ "ਸੀ.ਪੀ.ਐਮ. ਦੇ ਲੀਡਰਾਂ ਨੇ ਬਾਰ ਬਾਰ ਜੇ.ਪੀ. ਨਾਲ ਮੁਲਾਕਾਤ ਕੀਤੀ ਹੈ ।"

ਕੀ ਤੁਹਾਨੂੰ ਪੁੱਛਿਆ ਜਾ ਸਕਦਾ ਹੈ ਕਿ ਇਹ ਬਾਰ ਬਾਰ ਮੁਲਾਕਾਤ ਕਿਉਂ ਕਰਨੀ ਪਈ ? ਜੇ.ਪੀ. ਲਹਿਰ ਬਾਰੇ ਤੁਹਾਡੇ ਆਪਣੇ ਨਿਰਨੇ ਖਿਲਕੁਲ ਉਲਟ ਸੀ.ਪੀ.ਐਮ. ਦੇ ਲੀਡਰਾਂ ਨੂੰ ਜੇ.ਪੀ. ਦੀ ਧੂੰਨੀ ਚੋਂ ਜਮਾਤੀ ਸੰਘਰਸ਼ ਦੀ ਕਸਤੂਰੀ ਦੀ ਲਪਟ ਕਿਵੇਂ ਆਈ ? ਕੀ ਤੁਹਾਡੀ ਲੀਡਰਸ਼ਿਪ ਜੇ.ਪੀ. ਨੂੰ ਜਮਾਤੀ ਸੰਘਰਸ਼ ਦੀ ਸੁੰਡੀ ਸੁੰਘਾਕੇ ਇਨਕਲਾਬੀ ਬਣਾਉਣਾ ਚਾਹੁੰਦੀ ਸੀ ? ਇਨ੍ਹਾਂ ਸਵਾਲਾਂ ਦੇ ਜਵਾਬ ਤੁਹਾਡੇ ਆਪਣੇ ਵਿਚਾਰਾਂ ਅਨੁਸਾਰ ਹੀ ਨਾਂਹ-ਵਾਚਕ ਹਨ । ਕਿਉਂਕਿ ਅਤਿਵਾਦੀ ਸਾਥੀਆਂ ਨੂੰ ਸੁਮੱਤ ਬਖਸ਼ਦੇ ਹੋਏ ਤੁਸੀਂ ਅੱਗੇ ਚੱਲਕੇ ਲਿਖਦੇ ਹੋ:— "ਜਦੋਂ ਕਿਤੇ ਵੀ ਅਤਵਾਦੀਆਂ ਨੇ ਇਸ ਲਹਿਰ ਨੂੰ 'ਇਨਕਲਾਬੀ' ਮੋੜ ਦੇਣ ਲਈ 'ਇਨਕਲਾਬੀ' ਅਮਲ ਅਰੰਭ ਕੀਤੇ ਉਨ੍ਹਾਂ ਨੂੰ ਮੱਖਣ ਵਿਚੋਂ ਵਾਲ ਦੇ ਕੱਢਣ ਵਾਂਗ ਬਾਹਰ ਕੀਤਾ ਜਾਵੇਗਾ ਤੇ ਉਨ੍ਹਾਂ ਦੇ 'ਯੁੱਧ ਸਾਥੀ' ਉਨ੍ਹਾਂ ਵਿਰੁਧ ਗਵਾਹੀ ਦੇਣਗੇ" ਤੁਸੀਂ ਬਿਲਕੁਲ ਸੱਚ ਬੋਲਦੇ ਹੋ । ਤੁਹਾਡੀ ਜਮਾਤੀ ਸੂਝ ਅਤੇ ਸਮਕਾਲੀ ਸਥਿਤੀ ਬਾਰੇ ਨਿਰਨੇ ਤੇ ਸ਼ੱਕ ਨਹੀਂ ਕੀਤਾ ਜਾ ਸਕਦਾ । ਪਰ ਤੁਸੀਂ ਜੇ.ਪੀ. ਦੇ ਸੰਗੀ ਸਾਥੀ ਅਤੇ ਉਨ੍ਹਾਂ ਦੇ ਪਿੱਛੇ ਡੋਰ ਹਿਲਾਉਂਦਾ ਅਮਰੀਕੀ ਸਾਮਰਾਜ ਦਾ ਫਾਸ਼ੀ ਚਿਹਰਾ ਪਰਤੱਖ ਵੇਖਣ ਤੋਂ ਅਜੇ ਵੀ ਅਸਮਰਥ ਹੋ, ਨਹੀਂ ਤਾਂ ਤੁਸੀਂ ਇਹੋ ਸੁਮੱਤ ਸੀ.ਪੀ.ਐਮ. ਦੇ ਲੀਡਰਾਂ ਨੂੰ ਬਖਸ਼ਦੇ ਜੋ ਜੇ.ਪੀ. ਨਾਲ ਬਾਰ ਬਾਰ ਮੁਲਾਕਾਤਾਂ ਕਰਕੇ ਆਪਣਾ ਕੀਮਤੀ ਸਮਾਂ ਖਰਾਬ ਕਰਦੇ ਹਨ ਅਤੇ ਉਨ੍ਹਾਂ ਵਿਚੋਂ ਕਈ ਤਾਂ ਕਿਰਤੀਆਂ ਦੇ ਖੂਨ ਵਿਚ ਰੰਗਿਆ ਲਾਲ ਝੰਡਾ ਪਰ੍ਹੇ ਸੁੱਟ ਕੇ ਲਹਿਰ ਵਿਚ ਕੁੱਦਣ ਲਈ ਕਾਹਲੇ ਪਏ ਜਾਪਦੇ ਹਨ । ਇਤਿਹਾਸਕ ਤੇ ਸਮਕਾਲੀ ਕੌਮਾਂਤਰੀ ਘਟਨਾਵਾਂ ਤੋਂ ਅੱਖਾਂ ਮੀਟ ਕੇ ਤੁਸੀਂ ਅਮਰੀਕਨ ਸਾਮਰਾਜ ਦੇ ਫਾਸ਼ਇਜ਼ਮ ਤੋਂ ਮੁਨਕਰ ਜਾਪਦੇ ਹੋ । ਤੁਹਾਡੇ ਅਨੁਸਾਰ, ਫਾਸ਼ਇਜ਼ਮ

ਬਾਰੇ ਓਦੋਂ ਸੋਚਣਾ ਚਾਹੀਦਾ ਹੈ ਜਦੋਂ ਉਹ ਕਰੋੜਾਂ ਲੋਕਾਂ ਨੂੰ ਦਰੜ ਕੇ ਲੰਘ ਜਾਵੇ, ਪਹਿਲਾਂ ਫਜ਼ੂਲ "ਹਊਆ" ਖੜਾ ਕਰਨ ਦਾ ਕੀ ਲਾਭ।

ਤੁਹਾਡੇ ਸ਼ਬਦਾਂ ਵਿਚ "ਸੱਜੇ ਖੂਹ ਵਿਚ ਤੇ ਅਤਿਵਾਦੀ ਖਾਤੇ ਵਿਚ ਡਿਗ ਪਏ ਹਨ" ਤੁਸੀਂ ਇਨ੍ਹਾਂ ਡਿਗਿਆਂ ਢਹਿਆਂ ਦਾ ਫਿਕਰ ਛਡ ਕੇ ਆਪਣੀ ਪਾਰਟੀ ਅੰਦਰਲੇ ਰੋਲ-ਘਚੋਲੇ ਨੂੰ ਖਤਮ ਕਰਨ ਬਾਰੇ ਕਿਉਂ ਨਹੀਂ ਸੋਚਦੇ? ਆਪਣੇ ਕਾਡਰ ਨੂੰ ਕੋਈ ਸਪੱਸ਼ਟ ਨਿਰਨਾ ਅਤੇ ਖਾੜਕੂ ਯੁੱਧ-ਲਾਇਨ ਕਿਉਂ ਨਹੀਂ ਦਿੰਦੇ? ਕਾਡਰ ਨੂੰ ਭੰਬਲ ਭੂਸਿਆਂ ਵਿਚ ਪਾਕੇ ਹੋਰ ਕਿਤਨੇ ਕੁ ਵਰ੍ਹੇ ਦਿਮਾਗੀ-ਘੋਲ ਦੀਆਂ ਕਸਰਤਾਂ ਕਰਦੇ ਰਹੋਗੇ?

ਤੁਹਾਡੀ ਸੋਚ ਅਨੁਸਾਰ ਸੱਜੇ ਖੂਹ ਵਿੱਚ, ਅਤਿਵਾਦੀ ਖਾਤੇ ਵਿਚ; ਤੇ ਸੋਸ਼ਲਿਸਟ ਮੌਕਾਪ੍ਰਸਤ ਬਣ ਗਏ ਹਨ। ਸਾਰੀ ਜੰਞ ਕੁਪੱਤੀ ਹੋ ਗਈ ਹੈ। ਟਿੱਲੇ ਤੇ ਬੈਠਾ ਸਾਊ ਸੁਥਰਾ "ਖੱਬੀ ਜਮਹੂਰੀ ਏਕਤਾ" ਦੀ ਦਿਮਾਗੀ ਕਸਰਤ ਕਰ ਰਿਹਾ ਹੈ, ਕਿਉਂਕਿ ਹੇਠਲਾ ਕਾਡਰ ਵੀ ਅਸੇ ਪਾਸੇ ਖਿਸਕਦਾ ਜਾਂਦਾ ਹੈ। ਬਿਹਾਰ ਵਿਚ ਜੇ.ਪੀ. ਲਹਿਰ ਦੇ ਸਮਾਨ ਅੰਤਰ ਤੁਹਾਡੀ ਪਾਰਟੀ ਵਲੋਂ ਚਲਾਏ ਜਾ ਰਹੇ ਅੰਦੋਲਨ ਦੀਆਂ ਤੁਸੀਂ ਜ਼ਬਾਨੀ ਰਸਾਨੀ ਬੜੀਆਂ ਫੜਾਂ ਮਾਰਦੇ ਹੋ। "ਜਿਸ ਦੇ ਸਿੱਟੇ ਨਿਕਲੇ ਹਨ" ਵੀ ਕਹਿੰਦੇ ਹੋ। ਪਰ ਇਹ ਅੰਦੋਲਨ ਕਿਨ੍ਹਾਂ ਕਿਨ੍ਹਾਂ ਪੜਾਵਾਂ ਵਿਚੋਂ ਲੰਘ ਕੇ, ਕਿਥੇ ਤਕ ਪੁੱਜ ਗਿਆ ਹੈ? ਕੀ ਕੀ ਸਿੱਟੇ ਨਿਕਲੇ ਹਨ? ਇਨ੍ਹਾਂ ਤੱਥਾਂ ਦੀ ਵਿਆਖਿਆ ਨਾ ਤੁਸੀਂ ਕਦੇ ਆਪ, ਨਾ ਤੁਹਾਡੇ ਕਿਸੇ ਹੋਰ ਬੁਲਾਰੇ ਨੇ ਕੀਤੀ ਹੈ। ਤੁਸੀਂ ਅਸਲ ਵਿਚ ਆਪਣੇ ਆਪ ਨੂੰ ਮਾਰਕਸਵਾਦ ਦੇ ਪੰਡਤ ਸਮਝਕੇ "ਹਉਮੈ" ਦੀ ਦਲਦਲ ਵਿਚ ਫਸ ਗਏ ਹੋ ਜਿਥੋਂ ਤੁਹਾਨੂੰ ਆਪਣਾ ਸੁਥਰਾ ਸਾਊ ਤੇ ਹੋਰਾਂ ਦੀ ਜੰਞ ਕੁਪੱਤੀ ਹੀ ਜਾਪਦੀ ਹੈ।

## ਐਡੀਟਰ ਵੱਲ ਚਿੱਠੀਆਂ

1. ਐਡੀਟਰ ਜੀ, ਦੇਸ਼ ਦੀ ਸਿਆਸਤ ਬਾਰੇ ਦੋਸਤਾਂ ਵਿਚ ਵਿਚਾਰ ਹੋ ਰਹੀ ਸੀ ਕੁਝ ਕੁ ਨੁੱਕਤੇ ਇਸ ਗਲਬਾਤ ਤੋਂ ਬਾਹਰ ਆਏ ਹਨ, ਜਿਹੜੇ ਮੈਂ ਸਰਦਲ ਦੇ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ :

● ਇਕ ਅੰਤਰ ਰਾਸ਼ਟਰੀ ਇਨਕਲਾਬੀ ਫੌਜ ਬਣਨੀ ਚਾਹੀਦੀ ਹੈ, ਜੋ ਅੰਤਰ ਰਾਸ਼ਟਰੀ ਪੱਧਰ ਤੇ ਇਨਕਲਾਬ ਦੁਸ਼ਮਨ ਸਰਕਾਰਾਂ ਜਾਂ ਲੋਕਾਂ ਨਾਲ ਨਜਿਠਨ ਦੀ ਜ਼ਿੰਮੇਵਾਰੀ ਆਪਣੇ ਤੇ ਲਵੇ, ਭਾਰਤ ਵਿਚ 30,000 ਦੇ ਕਰੀਬ ਸਿਆਸੀ ਕੈਦੀ ਜੇਲ੍ਹਾਂ ਵਿਚ ਸੜ ਰਹੇ ਹਨ, ਸਰਕਾਰ ਉਹਨਾਂ ਬਾਰੇ ਕੋਈ ਗੱਲ ਸੁਣਨ ਲਈ ਤਿਆਰ ਨਹੀਂ, ਅੰਤਰ ਰਾਸ਼ਟਰੀ ਇਨਕਲਾਬੀ ਫੌਜ ਦੇ ਦਸਤਿਆਂ ਦਾ ਇਹ ਕੰਮ ਹੋਣਾ ਚਾਹੀਦਾ ਹੈ, ਪੁਲੀਟੀਕਲ ਕੈਦੀਆਂ ਦੀ ਰਿਹਾਈ ਦਾ ਮਾਮਲਾ ਅੰਤਰ ਰਾਸ਼ਟਰੀ ਪੱਧਰ ਤੇ ਸੰਸਾਰ ਦੇ ਲੋਕਾਂ ਅਗੇ ਫੋਕਸ ਕੀਤਾ ਜਾਏ, ਜੇਲ੍ਹਾਂ ਵਿਚ ਡੱਕੇ ਇਹ ਸਾਥੀ ਜਿਨ੍ਹਾਂ ਨੇ ਹਰ ਕਿਸਮ ਦਾ ਤਸੀਹਾ ਆਪਣੇ ਤੇ ਝਲਿਆ ਹੈ, ਪਰ ਮੁਆਫੀ ਨਾਮਾ ਨਹੀਂ ਦਿੱਤਾ, ਉਹ ਇਨਕਲਾਬ ਦੀ ਸਥਾਈ ਤਾਕਤ ਹਨ ਅਤੇ ਹਰ ਹੀਲੇ ਉਹਨਾਂ ਨੂੰ ਜੇਲ੍ਹਾਂ ਵਿਚੋਂ ਬਾਹਰ ਲਿਆਉਣ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ। ਇਸ ਮਾਮਲੇ ਤੇ ਸਰਕਾਰਾਂ ਨੂੰ ਅਪੀਲਾਂ ਕੋਈ ਅਰਥ ਨਹੀਂ ਰੱਖਦੀਆਂ।

● ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਚੀਨ ਤੋਂ ਆਇਆ ਸਾਹਿਤ ਬਕਾਇਦਾ ਵਿਕਦਾ ਅਤੇ ਪੜ੍ਹਿਆ ਜਾਂਦਾ ਹੈ, ਇਹਨਾਂ ਦੇਸ਼ਾਂ ਵਿਚ ਅਮਰੀਕਾ ਅਤੇ ਯੂਰਪ ਦੇ ਸਰਮਾਏਦਾਰ ਦੇਸ਼ ਵੀ ਆਉਂਦੇ ਹਨ, ਪਰ ਇਹ ਸਾਹਿਤ ਭਾਰਤ ਵਿਚ ਨਹੀਂ ਵਿਕਣ ਦਿੱਤਾ ਜਾਂਦਾ, ਇਸ ਦੇਸ਼ ਦੇ ਇਨਕਲਾਬੀਆਂ ਦਾ ਫਰਜ਼ ਹੈ ਕਿ ਇਹ ਸਾਹਿਤ ਭਾਵੇਂ ਚੋਰੀ ਛੱਪੇ ਹੀ ਲਿਆਉਣਾ ਪਵੇ, ਲਿਆਇਆ ਜਾਏ ਅਤੇ ਬਹੁਤੇ ਤੋਂ ਬਹੁਤੇ ਲੋਕਾਂ ਵਿਚ ਪੁਚਾਇਆ ਜਾਏ ਤਾਂ ਜੋ ਉਹਨਾਂ ਨੂੰ ਸੰਸਾਰ ਇਨਕਲਾਬ ਬਾਰੇ ਸਿਰਫ ਰੂਸ ਵਲੋਂ ਛਾਪਿਆ ਸਾਹਿਤ ਹੀ ਨਾ ਪੜ੍ਹਣ ਲਈ ਮਿਲੇ। ਭਾਰਤੀ ਸਥਿਤੀ ਵਿਚ ਚੀਨ ਦੇ ਤਜਰਬੇ ਬੜੀ ਮਹੱਤਤਾ ਰੱਖਦੇ ਹਨ।

● ਉਹ ਲੋਕ ਜਿਹੜੇ ਇਨਕਲਾਬ ਦੇ ਗੱਲ ਕਰਦੇ ਹਨ, ਉਹਨਾਂ ਦੀ ਆਪਣੀ ਜੀਵਨੀ ਅਤੇ ਰਹਿਣੀ ਸਹਿਣੀ ਇਹੋ ਜਹੀ ਸਾਦਾ ਹੋਣੀ ਚਾਹੀਦੀ ਹੈ ਕਿ ਲੋਕਾਂ ਦਾ ਉਹਨਾਂ ਵਿਚ ਵਿਸ਼ਵਾਸ ਉਪਜੇ–ਕਮਿਊਨਿਸਟਾਂ ਵਿਚ ਜਿਹੜੇ ਬਨਾਵਟੀ ਕਿਸਮ ਦੇ ਕਮਿਊਨਿਸਟ ਆ ਗਏ ਹਨ ਤੇ ਜਿਨ੍ਹਾਂ ਨੇ ਸਾਜਸ਼ੀ ਤਰੀਕੇ ਨਾਲ ਕਮਿਊਨਿਸਟ ਲਹਿਰ ਦੀ ਅਗਵਾਈ ਸਾਂਭੀ ਹੋਈ ਹੈ, ਉਹਨਾਂ ਦਾ ਜਿਸਮਾਨੀ ਤੌਰ ਤੇ ਵੀ ਨਾਸ਼ ਕਰਨ ਵਿਚ ਕੋਈ ਹਰਜ ਨਹੀਂ, ਕਿਉਂਕਿ ਇਹ ਲੋਕ ਹਮੇਸ਼ਾ ਇਨਕਲਾਬ ਦੇ ਰਾਹ ਵਿਚ ਰੋੜ ਹੋਣਗੇ—ਪਾਰਟੀਆਂ ਵਿਚ ਉਹਨਾਂ ਨੇ ਆਪਣੀਆਂ ਸਾਂਭੀਆਂ ਹੋਈਆਂ ਪੱਦਵੀਆਂ ਕਦੀ

ਛੀ ਨਹੀਂ ਛੱਡਣੀਆ—ਉਹਨਾਂ ਦੀਆਂ ਕਰੋਣੀਆਂ ਅਤੇ ਜੀਵਣੀਆਂ ਲੋਕਾਂ ਨੂੰ ਇਨਕਲਾਬ ਲਈ ਲਾਮਬੰਦ ਕਰਨ ਵਿਚ ਰੁਕਾਵਟ ਹਨ—ਇਸ ਲਈ ਉਹਨਾਂ ਦਾ ਹਟਾਉਣਾ ਹਰ ਹੀਲੇ ਜ਼ਰੂਰੀ ਹੈ।

ਹਰਬੰਸ ਲਾਲ / ਜਵਾਲਾ ਫਲੋਰ ਮਿਲਜ਼, ਅੰਮ੍ਰਿਤਸਰ।

2. ਆਪ ਜੀ ਰਾਹੀਂ ਮੈਂ ਸਮੁੱਚੇ ਅਧਿਆਪਕ ਵਰਗ ਦਾ ਧਿਆਨ ਇਕ ਸੁਆਗਤੀ ਭਾਸ਼ਨ ਵੱਲ ਦਿਵਾ ਰਿਹਾ ਹਾਂ ਜੋ ਕਿ ਗਿਆਨੀ ਜ਼ੈਲ ਸਿੰਘ ਦੀ ਸੇਵਾ ਵਿਚ ਪ੍ਰੋ: ਮਨਜੀਤ ਸਿੰਘ ਪ੍ਰਧਾਨ, ਪੰਜਾਬ ਗੌਰਮਿੰਟ ਕਾਲਜ ਲੈਕਚਰਜ਼ ਐਸੋਸੀਏਸ਼ਨ ਅਤੇ ਜਾਇੰਟ ਕਨਵੀਨਰ ਸਾਂਝੀ ਐਕਸ਼ਨ ਕਮੇਟੀ ਵਲੋਂ ਲੁਧਿਆਣੇ ਵਿਖੇ 27 ਅਪ੍ਰੈਲ 1975 ਨੂੰ ਪੰਜਾਬ ਅਤੇ ਚੰਡੀਗੜ੍ਹ ਦੇ ਵਿਸ਼ਵ ਵਿਦਿਆਲਿਆਂ ਸਰਕਾਰੀ ਅਤੇ ਗੈਰ ਸਰਕਾਰੀ ਕਾਲਜਾਂ ਦੀਆਂ ਅਧਿਆਪਕ ਜਥੇਬੰਦੀਆਂ ਦੀ ਕਨਵੈਨਸ਼ਨ ਵਿਚ ਪੜ੍ਹਿਆ ਗਿਆ। ਇਹ ਸੁਆਗਤੀ ਭਾਸ਼ਨ ਸਾਡੇ ਉਹਨਾਂ ਬੁਧੀ ਜੀਵਾਂ ਦੀ ਇਖਲਾਕੀ ਗਿਰਾਵਟ ਦੀ ਹੱਦ ਹੈ, ਜਿਨ੍ਹਾਂ ਨੂੰ ਅਸੀਂ ਪ੍ਰੋਫੈਸਰ ਵਰਗ ਕਹਿੰਦੇ ਹਾਂ, ਰਾਜਿਆਂ ਮਹਾਰਾਜਿਆਂ ਦੇ ਦਰਬਾਰਾਂ ਵਿਚ ਕਸੀਦਾਗੋ ਹੁੰਦੇ ਸਨ ਜੋ ਹਰ ਵੇਲੇ ਉਹਨਾਂ ਦੀ ਤਰੀਫ ਦੇ 'ਪੁਲ ਬੰਨ੍ਹਦੇ ਸਨ, ਪਰ ਯੂ. ਜੀ. ਸੀ. ਗਰੇਡ ਲੈਣ ਲਈ ਇਹਨਾਂ ਪ੍ਰੋਫੈਸਰਾਂ ਨੇ ਜਿਹੜੀ 'ਕਸੀਦਾਗੋਈ' ਗਿਆਨੀ ਜ਼ੈਲ ਸਿੰਘ ਦੀ ਕੀਤੀ ਹੈ, ਉਹ ਪੇਸ਼ਾਵਰ ਕਸੀਦਾਗੋਅ ਨੂੰ ਮਾਤ ਕਰਦੀ ਹੈ ਇਸ ਭਾਸ਼ਨ ਦਾ ਸਾਰ ਅੰਸ਼ ਇਹ ਸੀ "ਗਿਆਨੀ ਜੀ ਜੇਕਰ ਤੁਸੀਂ ਨਾ ਹੁੰਦੇ ਤਾਂ ਪੰਜਾਬ ਦੀ ਬੇੜੀ ਤਾਂ ਡੁੱਬਣੀ ਡੱਬਣੀ ਸੀ, ਭਾਰਤ ਦੀ ਨਹੀਂ ਸੀ ਬਚਣੀ" ਹੈਰਾਨੀ ਦੀ ਗੱਲ ਹੈ ਕਿ ਇਹ ਸੁਆਗਤੀ ਭਾਸ਼ਨ ਪੰਜਾਬ ਯੂਨੀਵਰਸਟੀ ਟੀਚਰਜ਼ ਐਸੋਸੀਏਸ਼ਨ, ਪੰਜਾਬੀ ਯੂਨੀਵਰਸਟੀ ਟੀਚਰਜ਼ ਐਸੋਸੀਏਸ਼ਨ, ਗੁਰੂ ਨਾਨਕ ਯੂਨੀਵਰਸਟੀ ਟੀਚਰਜ਼ ਐਸੋਸੀਏਸ਼ਨ, ਪੰਜਾਬ ਅਤੇ ਕਾਲਜ ਟੀਚਰਜ਼ ਯੂਨੀਅਨ ਅਤੇ ਪੰਜਾਬ ਗੌਰਮਿੰਟ ਕਾਲਜ ਲੈਕਚਰਜ਼ ਐਸੋਸੀਏਸ਼ਨ ਵਲੋਂ ਪੜ੍ਹਿਆ ਗਿਆ ਅਤੇ ਉਹਨਾਂ ਵਿਚ ਕਿਸੇ ਇਕ ਨੇ ਵੀ ਇਸ ਘਟੀਆ ਹਰਕਤ ਵਿਰੁੱਧ ਰੋਸ ਜ਼ਾਹਰ ਨਹੀਂ ਕੀਤਾ। ਕੀ ਜ਼ਮੀਰ ਫਿਰੋਸ਼ ਲੋਕ ਅਣਖੀਲੇ ਜੁਆਨਾਂ ਦੇ ਉਸਤਾਦ ਹੋਣ ਦਾ ਦਾਅਵਾ ਕਰ ਸਕਦੇ ਹਨ, ਜਿਸ ਤਰ੍ਹਾਂ ਕਿ ਉਹਨਾਂ ਨੇ ਸਵਾਗਤ... ਵਿਚ ਕੀਤਾ ਹੈ ?

ਗੁਰਦੀਪ ਸਿੰਘ ਵਿਦਿਆਰਥੀ ਗੌਰਮਿੰਟ ਕਾਲਜ, ਲੁਧਿਆਣਾ।

3. ਪ੍ਰੋ: ਹਮਦਰਦ ਵੀਰ ਨੌਸ਼ਹਿਰਵੀ ਦੀ ਮਈ ਅੰਕ ਵਿਚ ਖੇਡਾਂ ਬਾਰੇ ਟਿਪਣੀ ਪੜ੍ਹ ਕੇ ਇਕ ਗਿਆਨ ਮਿਲਿਆ। ਉਹਨਾਂ ਨੇ ਜਦੋਂ ਬੇਰੁਜ਼ਗਾਰ, ਭੁੱਖੇ ਅਤੇ ਪੰਦਰਾਂ ਰੁਪੈ ਆਮਦਨੀ ਵਾਲੇ ਲੋਕਾਂ ਦਾ ਜ਼ਿਕਰ ਕੀਤਾ ਤਾਂ ਮੈਨੂੰ ਜਾਪਿਆ ਕਿ ਮੈਂ ਵੀ ਉਹਨਾਂ ਵਿਚੋਂ ਇਕ ਹਾਂ—ਏਨੀ ਪਿਆਰੀ ਟਿਪਣੀ ਲਈ ਲੇਖਕ ਨੂੰ ਵਧਾਈ।

ਕ੍ਰਿਪਾਲ ਕਜ਼ਾਕ ਪਟਿਆਲਾ।

4. 'ਸਰਦਲ' ਜੂਨ 1975 ਪੜ੍ਹਿਆ। ਮਹਿੰਦਰ 'ਦੋਸਾਂਝ' ਦੀ ਕਹਾਣੀ "ਲੋਕਾਂ ਦਾ ਫੈਸਲਾ" ਗਿਆਨ ਯੋਗ ਲਿਖਤ ਸੀ। ਸ਼ੁਕਰ ਹੈ ਜੋ ਇਨਕਲਾਬ ਦੇ ਠੇਕੇਦਾਰਾਂ ਨੂੰ ਆਪਣੇ ਅੰਦਰ ਆਪਸ ਵਿਚ ਬਾਜਾਂ ਵਾਂਗੂ ਖਹਿੰਦੀਆਂ "ਛੋਟੀ ਪਾਰਟੀਆਂ" ਦਾ ਪਤਾ ਲੱਗਿਐ ਅਤੇ ਸੱਤ ਸਾਲ ਦੇ ਸਮੇਂ ਵਿਚ ਖਿਲਾਏ ਗੁਲ ਦਿਸੇ ਹਨ। ਖੱਬੀਆਂ ਪਾਰਟੀਆਂ ਦੇ ਆਪਸੀ ਏਕੇ ਜਿਹੀ ਗੁੰਝਲਦਾਰ ਸਮੱਸਿਆ ਤੇ ਉਂਗਲ ਰੱਖਦੀ "ਲੋਕਾਂ ਦਾ ਫੈਸਲਾ" ਜਿਹੀ ਕਹਾਣੀ ਪੰਜਾਬੀ ਵਿਚ ਘੱਟ ਹੀ ਮਿਲਦੀ ਹੈ। ਅਤਰਜੀਤ ਦੀ ਕਹਾਣੀ "ਨਾ ਹੰਢਾਉਣ ਯੋਗ ਕਿੱਸਾ" ਆਪਣੀ ਤਰਫ਼ ਦੀ ਪੇਂਡੂ ਕਹਾਣੀ ਇਕ ਵੱਖਰੀ ਤਰ੍ਹਾਂ ਦੀ ਪੇਂਡੂ ਸਮੱਸਿਆ ਵੱਲ ਉਂਗਲ ਕਰਦੀ ਸੀ। ਉਸ ਸਮੱਸਿਆ ਵੱਲ ਜਿਥੇ ਅਮਲੀ ਤੌਰ ਤੇ ਵਡੇ ਵਡੇ ਸਿਧਾਂਤਕ ਫਿਲਾਸਫਰ ਕਬੂਤਰ ਵਾਂਗ ਅੱਖਾਂ ਮੀਟ ਜਾਂਦੇ ਹਨ। ਜਸਵੰਤ ਕੰਵਲ ਤੋਂ ਬਾਅਦ ਏਨਾ ਨੇੜ ਦਾ ਪੇਂਡੂ ਜੀਵਨ ਚਿਤਰਨ ਅਤਰਜੀਤ ਪਾਸੋਂ ਹੀ ਲੱਭਿਆ ਹੈ। ਕੁਝ ਅਸ਼ਲੀਲ ਸ਼ਬਦ ਜ਼ਰੂਰ ਰੜਕਦੇ ਸਨ। ਗੁਰਵੇਲ ਪੰਨੂੰ ਦੀ 'ਪਾਜ਼ੀਟਿਵ' ਵਧੀਆ ਵਿਅੰਗ ਮਈ ਕਹਾਣੀ ਸੀ। ਇਕ ਦੋ ਹੋਰ ਕਹਾਣੀਆਂ ਦਰਮਿਆਨੀ ਤਰਜ਼ ਦੀਆਂ ਸਨ। ਬਾਕੀ ਐਵੇਂ ਰਵਾਇਤੀ ਨਾਹਰੇਬਾਜ਼ੀ।

ਪਾਠਕ ਲੇਖਕ ਫੋਰਮ ਵਿਚ ਆਪਣੇ ਦੇਸ ਦੀਆਂ ਖੱਬੀਆਂ ਪਾਰਟੀਆਂ ਕਿਰਦਾਰ ਬਾਰੇ ਬਹਿਸ ਕਰਾਇਆ ਕਰੋ। ਹੁਣ ਤਕ ਦੇ ਵਾਦਵਿਵਾਦ ਤੋਂ ਇਹ ਤਾਂ ਕਦੋਂ ਦਾ ਸਪਸ਼ਟ ਹੋ ਚੁਕਿਆ ਹੈ ਕਿ ਰੂਸ ਨਾ ਤਾਂ ਸਮਾਜਕ ਸਾਮਰਾਜੀ ਹੈ ਅਤੇ ਨਾ ਹੀ ਪੂਰਨ ਸਮਾਜਵਾਦੀ। ਉਂਜ ਮੌਕਾਪ੍ਰਸਤ ਲੀਡਰਸ਼ਿਪ ਕੀ ਚੀਨ ਕੀ ਰੂਸ ਦੋਵਾਂ ਪਾਰਟੀਆਂ ਵਿਚ ਡੇਰੇ ਜਮਾਈ ਬੈਠੀ ਹੈ। / ਨਾਜ਼ਰ ਸਿੰਘ ਗਿੱਲ ਮੌੜਾਂ (ਬਰਨਾਲਾ)

5. ਮਈ ਸਰਦਲ ਵਿਚਲਾ ਹਮਦਰਦਵੀਰ ਨੌਸ਼ਹਿਰਵੀ ਦਾ ਖੇਡਾਂ ਬਾਰੇ ਲੇਖ ਬਹੁਤ ਪਸੰਦ ਆਇਆ। ਮੈਂ ਇਸ ਗੱਲ ਬਾਰੇ ਕਾਫ਼ੀ ਚਿਰ ਤੋਂ ਸੋਚਦਾ ਸਾਂ ਅਤੇ ਮੇਰਾ ਵਾਹ ਵੀ ਆਪਣੇ ਕਾਲਜ ਦੇ ਖਿਡਾਰੀਆਂ ਨਾਲ ਹੀ ਪੈਂਦਾ ਹੈ। ਉਹਨਾਂ ਨੇ ਸੱਚ ਕਹਿਣ ਦੀ ਜੁਅਰਤ ਕੀਤੀ ਹੈ। / ਅਤੈ, ਬੁਰਜ ਨਾਥੋਂ ਸੰਚਾਲੀ